**Restaurant Supply (Wholesaler)**

ਉੱਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟੋਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:

1125 Howard Street. Elk Grove Village. IL 60007
Ph: 847-979-5970. 847-979-5990.
847-228-0150, pragint@aol.com

Prag International
Ravi Kapoor (CEO)




**Licenced Illinois & Wisconsin State.**

Why pay rent if you can buy Find Out How much you can qualify!
Get Free Pre-Approval

Buying, Selling Renting or Investing
RE/MAX

Jesse Singh
847-606-3664

Amndip Singh
847-409-8787

New construction 60% cash back

Buy through us get free inspection & attorney fees free+cashback.
Selling Commission just pay only 1%

WEBSITE: jsingh.remax.com; E-Mail: jsingh@remax.net

Twenty-Sixth Year of Publication
ਮਿਡਵੈਸਟ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 16; April 18, 2026
20451 N. Plum Grove Rd., Palatine, IL 60074
Ph:847-359-0746, Fax:847-705-9388

# ਵਿਧਾਨ ਸਭਾ ਵਲੋਂ ਬੇਅਦਬੀ ਸੰਬੰਧੀ ਸੋਧ ਬਿੱਲ ਸਰਬਸੰਮਤੀ ਨਾਲ ਪਾਸ

## ਕਾਨੂੰਨ ਦੀ ਉਲੰਘਣਾ ਲਈ ਪੰਜ ਸਾਲ ਦੀ ਸਜ਼ਾ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ 7 ਤੋਂ 20 ਸਾਲ, ਧਾਰਮਿਕ ਸਦਭਾਵਨਾ ਨੂੰ ਭੰਗ ਕਰਨ ਲਈ 10 ਸਾਲ ਤੋਂ ਉਮਰ ਕੈਦ ਤੱਕ ਦੀ ਸਜ਼ਾ

**ਚੰਡੀਗੜ੍ਹ:** ਵਿਸਾਖੀ ਮੌਕੇ ਪੰਜਾਬ ਵਿਧਾਨ ਸਭਾ ਦੇ ਇਥੇ ਹੋਏ ਵਿਸ਼ੇਸ਼ ਇਜਲਾਸ ਵਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਐਕਟ ਵਿਚ ਬੇਅਦਬੀਆਂ ਦੇ ਦੋਸ਼ੀਆਂ ਲਈ ਸਜ਼ਾਵਾਂ ਸੰਬੰਧੀ ਨਵੀਆਂ ਧਰਾਵਾਂ ਜੋੜਨ ਲਈ ਸੋਧ ਬਿੱਲ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਜਿਨ੍ਹਾਂ ਇਜਲਾਸ ਦੌਰਾਨ ਇਹ ਸੋਧ ਬਿੱਲ ਪੇਸ਼ ਕੀਤਾ, ਨੇ ਭਰੋਸਾ ਪ੍ਰਗਟਾਇਆ ਕਿ ਬਿੱਲ ਰਾਜ ਸਰਕਾਰ ਦਾ ਹੋਣ ਕਾਰਨ ਰਾਜਪਾਲ ਪੱਧਰ 'ਤੇ ਹੀ ਪ੍ਰਵਾਨ ਹੋ ਕੇ ਛੇਤੀ ਲਾਗੂ ਹੋ ਸਕੇਗਾ। ਉਨ੍ਹਾਂ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਕਿਹਾ ਕਿ ਇਸ ਕਾਨੂੰਨ ਨੂੰ ਪਹਿਲਾਂ ਆਪਣੇ ਸੂਬੇ ਵਿਚ ਲਾਗੂ ਕਰ ਲਈਏ ਫਿਰ ਬਾਕੀਆਂ ਤੋਂ ਵੀ ਲਾਗੂ ਕਰਵਾ ਲਵਾਂਗੇ। ਉਨ੍ਹਾਂ ਕਿਹਾ ਕਿ ਜੇ ਰਾਜਪਾਲ ਇਸ ਬਿੱਲ ਨੂੰ ਲੈ ਕੇ ਦੇਰੀ ਕਰਨਗੇ ਤਾਂ ਉਹ ਰਾਜ ਦੀਆਂ ਸਾਰੀਆਂ ਪਾਰਟੀਆਂ ਦੇ ਵਿਧਾਇਕ ਲੈ ਕੇ ਰਾਜਪਾਲ ਕੋਲ ਜਾ ਸਕਦੇ ਹਨ। ਮੁੱਖ ਮੰਤਰੀ ਕਿਹਾ ਕਿ ਬੇਅਦਬੀਆਂ ਰੋਕਣ ਤੇ ਦੋਸ਼ੀਆਂ ਲਈ ਸਜ਼ਾਵਾਂ ਸਖ਼ਤ ਕਰਨ ਲਈ ਪਹਿਲਾਂ ਚਾਰ ਵਾਰ ਵਿਧਾਨ ਸਭਾ ਵਿਚ ਕਾਨੂੰਨ ਬਣਾਉਣ ਦੀ ਕੋਸ਼ਿਸ਼ ਹੋਈ ਹੈ ਅਤੇ ਇਹ ਕਾਨੂੰਨ ਪੰਜਵੀਂ ਵਾਰ ਬਣ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਨੇ ਇਸ ਵਾਰ ਸੰਤ ਸਮਾਜ, ਬੁੱਧੀਜੀਵੀਆਂ ਅਤੇ ਕਾਨੂੰਨਦਾਨਾਂ ਸਭ ਤੋਂ ਰਾਏ ਪ੍ਰਾਪਤ ਕੀਤੀ ਹੈ, ਸਾਰੀਆਂ ਸੰਸਥਾਵਾਂ ਤੋਂ ਵਿਚਾਰ ਵੀ ਮੰਗੇ ਸਨ। ਉਨ੍ਹਾਂ ਕਿਹਾ ਕਿ ਹੁਣ ਕੇਵਲ ਦੋਸ਼ੀ 'ਤੇ ਹੀ ਨਹੀਂ ਬਲਕਿ ਸਾਜਿਸ਼ ਕਰਤਾ 'ਤੇ ਵੀ ਬਰਾਬਰ ਇਸੇ ਕਾਨੂੰਨ ਹੇਠ ਕਾਰਵਾਈ ਹੋਵੇਗੀ। ਇਸ ਕਾਨੂੰਨ



ਹੇਠ ਅਜਿਹੇ ਦੋਸ਼ ਵਿਚ ਜ਼ਮਾਨਤ ਨਹੀਂ ਹੋ ਸਕੇਗੀ ਅਤੇ ਉਮਰ ਕੈਦ ਦਾ ਮਤਲਬ ਉਮਰ ਭਰ ਲਈ ਜੇਲ੍ਹ ਹੋਵੇਗੀ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਮੰਦਬੁੱਧੀ ਵਾਲੇ ਦੱਸ ਕੇ ਜਿਵੇਂ ਮਗਰਲੇ ਸਮੇਂ ਵਿਚ ਛੱਡਿਆ ਜਾਂਦਾ ਰਿਹਾ ਹੈ, ਪਰ ਹੁਣ ਅਜਿਹੇ ਦੋਸ਼ੀ ਦਾ ਪੂਰਾ ਮੈਡੀਕਲ ਟੈਸਟ ਹੋਵੇਗਾ ਅਤੇ ਉਸ ਦੇ ਮਾਪਿਆਂ, ਸੰਭਾਲਣ ਵਾਲਿਆਂ ਤੇ ਸਰਪ੍ਰਸਤਾਂ ਨੂੰ ਵੀ ਬਰਾਬਰ ਦੋਸ਼ੀ ਬਣਾਇਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਮੰਦਬੁੱਧੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਬੇਅਦਬੀਆਂ ਲਈ ਕਿਉਂ ਚੁਣਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਲੋਕ ਮੰਦਬੁੱਧੀ ਨਹੀਂ, ਕੱਟੜਵਾਦ ਦੇ ਰੋਗੀ ਹਨ, ਜਿਨ੍ਹਾਂ ਦਾ ਕਿਸੇ ਹੋਰ ਸੋਚ ਵਿਚ ਵਿਸ਼ਵਾਸ ਹੈ। ਮੁੱਖ ਮੰਤਰੀ ਦੱਸਿਆ ਕਿ ਕਾਨੂੰਨ ਵਿਚ ਬੇਅਦਬੀ ਦੀ ਪਰਿਭਾਸ਼ਾ ਵੀ ਸਪੱਸ਼ਟ ਕੀਤੀ ਗਈ ਹੈ। ਕੁਝ ਵਿਰੋਧੀ ਮੈਂਬਰਾਂ ਵਲੋਂ ਸ਼੍ਰੋਮਣੀ ਕਮੇਟੀ ਤੋਂ ਨਵੇਂ ਕਾਨੂੰਨ ਸੰਬੰਧੀ ਰਾਏ ਨਾ ਲੈਣ ਦੇ ਉਠਾਏ ਗਏ ਮੁੱਦੇ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਜੋ ਕਮੇਟੀ ਬੇਅਦਬੀਆਂ ਦੇ ਦੋਸ਼ੀਆਂ ਨੂੰ ਮਾਫ਼ੀਆਂ ਦਿੰਦੀ ਰਹੀ ਅਤੇ ਦੋਸ਼ੀ ਸਬੰਧੀ ਸਫ਼ਾਈ ਪੇਸ਼ ਕਰਨ ਲਈ ਗੋਲਕ ਦੇ ਕਰੋੜਾਂ ਰੁਪਏ ਵਰਤਦੀ ਰਹੀ, ਉਸ ਦੀ ਰਾਏ ਕੀ ਹੋ ਸਕਦੀ ਸੀ। ਉਨ੍ਹਾਂ ਦੋਸ਼ ਲਗਾਇਆ ਅਕਾਲੀ ਸਰਕਾਰਾਂ ਨੇ ਨਕੋਦਰ ਕਾਂਡ ਦੇ ਦੋਸ਼ੀ ਅਤੇ ਉਸ ਸਮੇਂ ਦੇ ਡੀ.ਸੀ. ਅਤੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਬਾਅਦ 'ਚ ਅਹਿਮ ਅਹੁਦੇ ਦਿੱਤੇ ਤੇ ਦੋਸ਼ੀਆਂ ਵਿਰੁੱਧ ਕੇਸ ਨਹੀਂ ਚਲਾਏ ਅਤੇ ਸੁਮੇਧ ਸੈਣੀ ਨੂੰ ਡੀ.ਜੀ.ਪੀ. ਲਗਾਇਆ ਅਤੇ ਬਾਦਲ ਦਲ ਦਾ ਇਕੋ-ਇਕ ਵਿਧਾਇਕ ਵੀ ਅੱਜ ਦੇ ਅਹਿਮ ਮੌਕੇ ' 'ਤੇ ਗੈਰ-ਹਾਜ਼ਰ ਹੈ। ਇਸ ਸੋਧ ਬਿੱਲ 'ਤੇ

*(ਬਾਕੀ ਸਫ਼ਾ 4 'ਤੇ)*

# ਈਰਾਨੀ ਬੰਦਰਗਾਹਾਂ ਦੀ ਕਰਾਂਗੇ ਘੇਰਾਬੰਦੀ: ਅਮਰੀਕੀ ਫ਼ੌਜ

## ਸਾਨੂੰ ਪ੍ਰਵਾਹ ਨਹੀਂ ਕਿ ਈਰਾਨ ਮੁੜ ਗੱਲਬਾਤ ਦੇ ਮੇਜ਼ 'ਤੇ ਆਉਂਦਾ ਹੈ ਜਾਂ ਨਹੀਂ: ਟਰੰਪ



**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਅਮਰੀਕੀ ਜਲ ਸੈਨਾ ਹੋਰਮੁਜ਼ ਜਲਡਮਰੂ 'ਚ ਆਉਣ-ਜਾਣ ਵਾਲੇ ਜਹਾਜ਼ਾਂ ਦੀ ਘੇਰਾਬੰਦੀ ਤੇਜ਼ੀ ਨਾਲ ਸ਼ੁਰੂ ਕਰ ਦੇਵੇਗੀ। ਪਾਕਿਸਤਾਨ 'ਚ ਕੱਲ੍ਹ ਅਮਰੀਕਾ-ਈਰਾਨ ਦਰਮਿਆਨ ਜੰਗਬੰਦੀ 'ਤੇ ਗੱਲਬਾਤ ਬਿਨਾਂ ਕਿਸੇ ਸਮਝੌਤੇ ਦੇ ਖਤਮ ਹੋ ਗਈ। ਅਮਰੀਕਾ ਸੈਂਟਰਲ ਕਮਾਂਡ ਨੇ ਐਲਾਨ ਕੀਤਾ ਕਿ ਉਹ ਸੋਮਵਾਰ ਸਵੇਰੇ 10 ਵਜੇ ਈ. ਡੀ. ਟੀ. (ਜਾਂ ਈਰਾਨ 'ਚ ਸ਼ਾਮ 5:30 ਵਜੇ) ਤੋਂ ਸਾਰੀਆਂ ਈਰਾਨੀ ਬੰਦਰਗਾਹਾਂ ਦੀ ਘੇਰਾਬੰਦੀ ਕਰ ਦੇਵੇਗੀ। ਸੇਂਟਕਾਮ ਨੇ ਕਿਹਾ ਕਿ ਇਹ ਘੇਰਾਬੰਦੀ ਸਾਰੇ ਦੇਸ਼ਾਂ ਦੇ ਜਹਾਜ਼ਾ ਖਿਲਾਫ਼ ਨਿਰਪੱਖ ਰੂਪ ਨਾਲ ਲਾਗੂ ਕੀਤੀ ਜਾਵੇਗੀ। ਉਸ ਨੇ ਕਿਹਾ ਕਿ ਉਹ ਅਜੇ ਵੀ ਉਨ੍ਹਾਂ ਜਹਾਜ਼ਾਂ ਨੂੰ ਹੋਰਮੁਜ਼ ਜਲਡਮਰੂ 'ਚੋਂ ਲੰਘਣ ਦੀ ਇਜਾਜ਼ਤ ਦੇਵੇਗਾ, ਜੋ ਗੈਰ-ਈਰਾਨੀ ਬੰਦਰਗਾਹਾਂ ਦਰਮਿਆਨ ਯਾਤਰਾ ਕਰ ਰਹੇ ਹਨ। ਅਮਰੀਕਾ ਅਤੇ ਈਰਾਨ ਦੀ ਇਸਲਾਮਾਬਾਦ 'ਚ 21 ਘੰਟੇ ਦੀ ਆਹਮੋ-ਸਾਹਮਣੇ ਹੋਈ ਗੱਲਬਾਤ ਬਿਨਾਂ ਕਿਸੇ ਸਮਝੌਤੇ ਦੇ ਖਤਮ ਹੋਣ ਨਾਲ ਦੋ ਹਫ਼ਤਿਆਂ ਦੀ ਨਾਜ਼ੁਕ ਜੰਗਬੰਦੀ ਦਾ ਭਵਿੱਖ ਅਜੇ ਵੀ ਅਨਿਸ਼ਚਿਤ ਬਣਿਆ ਹੋਇਆ ਹੈ।

## ਨਾਕਾਬੰਦੀ ਨੇੜੇ ਆਏ ਈਰਾਨੀ ਜਹਾਜ਼ਾਂ ਨੂੰ ਕਰ ਦਿਆਂਗੇ ਤਬਾਹ: ਟਰੰਪ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇਕਰ ਕੋਈ ਵੀ ਈਰਾਨ ਦਾ ਜਹਾਜ਼ ਅਮਰੀਕੀ ਨਾਕਾਬੰਦੀ ਦੇ ਨੇੜੇ ਆਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਤੁਰੰਤ ਤਬਾਹ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਲਈ ਉਹੀ ਤਰੀਕਾ ਵਰਤਿਆ ਜਾਵੇਗਾ, ਜਿਸ ਤਰ੍ਹਾਂ ਸਮੁੰਦਰ ਵਿਚ ਨਸ਼ਾ ਤਸਕਰਾਂ ਦੇ ਜਹਾਜ਼ਾਂ ਨੂੰ ਰੋਕਣ ਲਈ ਵਰਤਿਆ ਜਾਂਦਾ ਹੈ, ਇਨ੍ਹਾਂ ਜਹਾਜ਼ਾਂ ਖ਼ਿਲਾਫ਼ ਬਹੁਤ

*(ਬਾਕੀ ਸਫ਼ਾ 4 'ਤੇ)*

**India Palace Restaurant**
**And Banquet Hall**
Best Price Wholesale
Ph: 630-400-0996
Lakhvir S. Johal
Ph: 317-709-7800
Restaurant-Fine Indian Cuisine
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800

**Singh Auto Group**
3983 ST RD 38E
Lafayette, IN 47905
Ph: 765-607-1300
www.singhautosgroup.com
**University Motors**
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

**Bhaura Transport LLC**
Noblesville, IN
ਡਰਾਈਵਰਾਂ ਦੀ ਲੋੜ ਹੈ
*ਵੈਲਿਡ ਸੀ ਡੀ ਐਲ ਏ ਲਾਈਸੈਂਸ
*ਘੱਟੋ ਘੱਟ 2 ਸਾਲ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .60 ਸੈਂਟ
*ਸਾਈਨ ਔਨ ਬੋਨਸ
*ਹਰ ਵੀਕਐਂਡ 'ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 3000 ਤੋਂ 4000
*ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਅਵਤਾਰ ਸਿੰਘ
ਫੋਨ: 317-403-0493



# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

242-25 Braddock Ave., Bellerose, NY 11426

ੴ ਸਤਿਗੁਰ ਪ੍ਰਸਾਦਿ

ਖਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥
ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਦੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥

## ਸਮੂਹ ਸੰਗਤਾਂ ਨੂੰ ਖਾਲਸਾ ਜੀ ਦੇ ਸਿਰਜਣਾ ਦਿਵਸ ਵਿਸਾਖੀ ਦੀ

# ਲੱਖ ਲੱਖ ਵਧਾਈ

## ਪ੍ਰੋਗਰਾਮ ਦਾ ਵੇਰਵਾ

**14 ਅਪਰੈਲ, 2026 (ਦਿਨ ਮੰਗਲਵਾਰ)**

**ਸਵੇਰ ਦੇ ਦੀਵਾਨ**

ਸੁਖਮਨੀ ਸਾਹਿਬ ਦਾ ਪਾਠ; ਸਵੇਰੇ 8:00 ਤੋਂ 9:30 ਵਜੇ ਤੱਕ
ਸਹਿਜ ਪਾਠ ਸਾਹਿਬ ਦਾ ਭੋਗ 9:30 ਤੋਂ 10:00 ਵਜੇ ਤੱਕ
ਕੀਰਤਨ, ਕਥਾ ਤੇ ਅਰਦਾਸ: ਸਵੇਰੇ 10:00 ਤੋਂ 1:00 ਵਜੇ ਤੱਕ

**17 ਅਪਰੈਲ, 2026 (ਦਿਨ ਸ਼ੁੱਕਰਵਾਰ)**

ਕਪੂਰਥਲਾ ਕਲੱਬ ਅਤੇ ਗੁਰਦੁਆਰਾ ਸੰਤ ਸਾਗਰ ਦੇ ਸੇਵਾਦਾਰਾਂ ਅਤੇ ਸਮੂਹ ਸੰਗਤ ਵਲੋਂ
ਦੋ ਸ੍ਰੀ ਅਖੰਡ ਪਾਠ ਸਾਹਿਬ ਦੇ ਅਰੰਭ

**19 ਅਪਰੈਲ, 2026 (ਦਿਨ ਐਤਵਾਰ)**

ਦੋ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ
ਸਵੇਰੇ 9:30 ਵਜੇ ਤੋਂ ਉਪਰੰਤ ਦੀਵਾਨ ਸਜਣਗੇ।
ਐਤਵਾਰ ਨੂੰ ਤੜਕੇ 2:30 ਵਜੇ ਤੋਂ ਬਾਅਦ ਦੁਪਹਿਰ 2:30 ਵਜੇ ਤੱਕ ਦੀਵਾਨ ਸਜਣਗੇ।

ਦੀਵਾਨਾਂ ਵਿਚ ਪੰਥ ਪ੍ਰਸਿੱਧ ਕੀਰਤਨੀ ਜਥੇ ਅਤੇ ਕਥਾ ਵਾਚਕ ਹਾਜ਼ਰੀਆਂ ਭਰਨਗੇ।



ਖਾਲਸਾ ਸਾਜਨਾ ਦਿਵਸ (ਵਿਸਾਖੀ) ਸਬੰਧੀ ਵਿਸ਼ੇਸ਼ ਸਮਾਗਮ ਲਿਖੇ ਹੋਏ ਪ੍ਰੋਗਰਾਮ ਅਨੁਸਾਰ ਹੋਣਗੇ। ਗੁਰੂ ਰੂਪ ਸੰਗਤ ਨੂੰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚ ਕੇ ਗੁਰਬਾਣੀ, ਸ਼ਬਦ ਕੀਰਤਨ, ਸਿਮਰਨ ਅਤੇ ਸੇਵਾ ਦਾ ਲਾਹਾ ਲੈ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


* ਸਾਰੇ ਪ੍ਰੋਗਰਾਮਾਂ 'ਚ ਗੁਰੂ ਕਾ ਲੰਗਰ ਅਤੁੱਟ ਵਰਤੇਗਾ
* ਕਪੂਰਥਲਾ ਕਲੱਬ ਵਲੋਂ ਸਟਾਲਾਂ ਦੀ ਸੇਵਾ ਹੋਵੇਗੀ

**ਗੁਰੂ ਰੂਪ ਸੰਗਤਾਂ ਦਾ ਦਾਸ: ਭਾਈ ਸੱਜਣ ਸਿੰਘ, ਫੋਨ: 718-343-1030**

ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ, ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

# ਗਾਖਲ ਪਰਿਵਾਰ ਨੇ ਖਾਲਸਾ ਪੰਥ ਦੇ ਜਨਮ ਦਿਹਾੜੇ ਅਤੇ ਵਿਸਾਖੀ ਮੌਕੇ ਪਾਕਿਸਤਾਨ ਤੇ ਭਾਰਤ ਦੇ ਗੁਰੂਘਰਾਂ ’ਚ ਕੀਤੀ ਸੰਗਤਾਂ ਦੀ ਸੇਵਾ

**ਸਾਨ ਫਰਾਂਸਿਸਕੋ (ਐੱਸ.ਅਸ਼ੋਕ ਭੌਰਾ):** ਅਮਰੀਕਾ ਵਸਦੇ ਦਾਨੀ ਪਰਿਵਾਰ, ਗਾਖਲ ਪਰਿਵਾਰ ਵਲੋਂ ਖਾਲਸਾ ਪੰਥ ਦੇ ਸਿਰਜਣਾ ਦਿਹਾੜੇ ’ਤੇ ਪਾਕਿਸਤਾਨ ਅਤੇ ਭਾਰਤ ਦੇ ਗੁਰੂਘਰਾਂ ’ਚ ਵਡਮੁੱਲੀ ਸੇਵਾ ਕੀਤੀ ਗਈ ਹੈ। ਸ. ਅਮੋਲਕ ਸਿੰਘ ਗਾਖਲ ਚੇਅਰਮੈਨ ਗਾਖਲ ਗਰੁੱਪ ਨੇ ਦੱਸਿਆ ਕਿ ਪਾਕਿਸਤਾਨ ਦੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਸਮੇਤ ਸਾਰੇ ਗੁਰੂਘਰਾਂ ’ਚ ਗਾਖਲ ਪਰਿਵਾਰ ਅਤੇ ਗਾਖਲ ਗਰੁੱਪ ਵਲੋਂ ਦੇਸ਼ ਵਿਦੇਸ਼ ਤੋਂ ਪੁੱਜੀਆਂ ਸੰਗਤਾਂ ਲਈ ਪੀਣ ਵਾਲੇ ਪਾਣੀ ਦੀਆਂ ਬੋਤਲਾਂ ਦੀ ਸੇਵਾ ਕੀਤੀ ਗਈ ਅਤੇ ਲੰਗਰਾਂ ਲਈ ਰਾਸ਼ਨ ਦੀ ਸੇਵਾ ਵੀ ਕੀਤੀ ਗਈ।





ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਇਸ ਤੋਂ ਇਲਾਵਾ ਭਾਰਤੀ ਪੰਜਾਬ ਦੇ ਗੁਰਦੁਆਰਾ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਲੰਗਰ ’ਚ ਜਲੇਬੀਆਂ ਦੀ ਸੇਵਾ ਕੀਤੀ ਗਈ ਜੋ ਕਿ ਗਾਖਲ ਪਰਿਵਾਰ ਦੇ ਨੱਥਾ ਸਿੰਘ ਗਾਖਲ ਨੇ ਖੁਦ ਵਰਤਾਉਣ ਦੀ ਸੇਵਾ ਕੀਤੀ। ਗੁਰਦੁਆਰਾ ਪਟਨਾ ਸਾਹਿਬ ਵਿਖੇ ਲੰਗਰਾਂ ’ਚ ਰਾਸ਼ਨ ਅਤੇ ਕੜਾਹ ਪ੍ਰਸ਼ਾਦ ’ਚ ਸੇਵਾ ਪਾਉਣ ਤੋਂ ਇਲਾਵਾ ਦੁੱਧ ਅਤੇ ਬਿਸਕੁਟਾਂ ਨਾਲ ਸੰਗਤਾਂ ਦੀ ਸੇਵਾ ਕੀਤੀ ਗਈ।

ਉਨ੍ਹਾਂ ਕਿਹਾ ਕਿ ਸਾਡੇ ਧੰਨਭਾਗ ਹਨ ਕਿ ਅਕਾਲ ਪੁਰਖ ਨੇ ਗਾਖਲ ਪਰਿਵਾਰ ਤੋਂ ਇਹ ਸੇਵਾ ਲਈ ਹੈ। ਉਨ੍ਹਾਂ ਆਖਿਆ ਕਿ ਉਹ ਅਰਦਾਸ ਕਰਦੇ ਹਨ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਗਾਖਲ ਪਰਿਵਾਰ ਤੋਂ ਅਜਿਹੀ ਸੇਵਾ ਹਮੇਸ਼ਾ ਹੀ ਲੈਂਦੇ ਰਹਿਣ।


## ਮਠਿਆਈ ਵਾਲੇ ਕਾਰੀਗਰ, ਹੈਲਪਰ ਅਤੇ ਕਾਊਂਟਰ ਸਾਂਭਣ ਲਈ ਵਰਕਰ ਦੀ ਲੋੜ ਹੈ।

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਬੰਬੇ ਸਵੀਟਸ ਲਈ ਮਿਠਾਈਆਂ ਬਣਾਉਣ ਵਾਲਾ ਕਾਰੀਗਰ, ਹੈਲਪਰ ਅਤੇ ਕਾਊਂਟਰ ਦਾ ਕੰਮ ਸੰਭਾਲਣ ਵਾਲੇ ਵਰਕਰ ਚਾਹੀਦੇ ਹਨ।
*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਚਾਹਵਾਨ ਸੰਪਰਕ ਕਰੋ:
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635



## SUPER TRAVEL

847-676-9090, 773-465-5566
*E-mail: supertravel2003@live.com*
**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-436-9010

EARLY BIRD SALE!!!!

Domestic fares available





## UMA TRAVELS

2541 W. Devon Ave., Chicago, IL 60659

For Delhi Amritsar-Bombay Ahmedabad, Hydrabad-Madras
Call For Special Sale Fares
**Call: 773-338-5603**


# Matrimonials

## ਲੜਕੇ ਦੀ ਲੋੜ ਹੈ

Jat sikh Dhillon family invites suitable alliance for their Very Fair, slim, Beautiful, 25/5.7", daughter. She is Convent Educated and doing final Semester BBA in supply Chain Management at California, USA. Seeks well educated USA citizen, working professional OR Business family Boy settled in USA. Please contact us at: Mob. +919825673602 or Email: karan260506@gmail.com.

14-17

Jat Sikh family looking for a compatible US citizen match for their daughter, age 27, height 5' 5". She has done Masters in computer and information system and working as a business system analyst at manufacturing company. Please contact us at 262-716-2016 or 262-716-5859 or Email- karan2@sbcglobal.net

## ਲੜਕੀ ਦੀ ਲੋੜ ਹੈ

ਅਮਰੀਕਾ ਵਿਚ ਗੁਰਸਿੱਖ ਪਰਿਵਾਰ ਦੇ Well Qualified, ਅੰਮ੍ਰਿਤਧਾਰੀ, ਵੈਸ਼ਨੋ, ਉਮਰ 38 ਸਾਲ, ਕੱਦ 5’-11", USA ਤੋਂ Master Degree Holder, ਸਾਨਫਰਾਂਸਿਸਕੋ ਬੇ ਏਰੀਆ ਕੈਲੀਫੋਰਨੀਆ ਵਿੱਚ ਆਪਣਾ ਘਰ, Senior Software Product Leader ਵਜੋਂ ਜੋਬ, Green Card Filed, issueless divorce (four months marriage) ਲੜਕੇ ਲਈ ਪੜ੍ਹੀ ਲਿਖੀ, ਵੈਸ਼ਨੋ, ਪਰਿਵਾਰਕ, ਅੰਮ੍ਰਿਤਧਾਰੀ ਲੜਕੀ ਜੋ ਕੇਸਕੀ ਸਜਾਉਂਦੀ ਹੋਵੇ (ਜਾਂ ਸਜਾਉਣ ਲਈ ਤਿਆਰ ਹੋਵੇ) ਅਤੇ San Francisco Bay Area, California, ਰਹਿਣ ਲਈ ਤਿਆਰ ਹੋਵੇ, ਦੀ ਲੋੜ ਹੈ। ਲੜਕਾ well settled ਹੈ ਅਤੇ 2009 ਤੋਂ ਅਮਰੀਕਾ ਵਿੱਚ ਰਹਿ ਰਿਹਾ ਹੈ। USA/Canada ਦੇ ਰਿਸ਼ਤੇ ਨੂੰ ਪਹਿਲ ਦਿੱਤੀ ਜਾਵੇਗੀ। ਦੂਜੇ ਦੇਸ਼ਾਂ ਤੋਂ ਸਹੀ ਮੈਚ ਲਈ Sponsorship ’ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਅੱਜ ਹੀ+1 (510) 558-5650 ’ਤੇ ਕਾਲ ਕਰੋ ਜਾ +91 98993 79442 ’ਤੇ ਵ੍ਹਟਸਐਪ ਕਰੋ ਜਾ singhmat001@gmail.com ’ਤੇ ਈਮੇਲ ਕਰੋ।

16-19

Jatt Sikh family, seeking a suitable match for their USA born and raised, 33 years, 5’9" son. He is currently doing fellowship in pain medicine, and will be a doctor after the fellowship ends. Looking for a girl in same profession or field. Please contact if interested- 262-716-2016 or 262-716-5859

16-19

ਅਮਰੀਕਾ ਵਿਚ ਸਥਾਪਤ ਨਾਈ ਸਿੱਖ ਪਰਿਵਾਰ ਨੂੰ ਆਪਣੇ ਗ੍ਰੀਨ ਕਾਰਡ ਹੋਲਡਰ, ਉਮਰ, 27 ਸਾਲ, ਕੱਦ 6 ਫੁੱਟ ਦੋ ਇੰਚ, ਪੁੱਤਰ ਲਈ ਪੜ੍ਹੀ-ਲਿਖੀ, ਸੋਹਣੀ, ਸਿਆਣੀ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਮਕੈਨੀਕਲ ਇੰਜੀਨੀਅਰ ਦੀ ਡਿਗਰੀ ਕਰਕੇ ਨਾਮੀ ਕੰਪਨੀ ਵਿੱਚ ਕੰਮ ਕਰਦਾ ਹੈ। ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। USA ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਚਾਹਵਾਨ ਸੰਪਰਕ ਕਰਨ। 475-777-4778 ਜਾਂ ਈਮੇਲ mangatguropinder@gmail.com

13-16

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੁਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

Ramgarhia Family seeks a suitable match for their USA Born and Raised Non-vegetarian 31 year 5’6.5" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.




Corporate NMLS# 68434
AZ License# BK-0945946

## Sistar Mortgage

A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Corrspondents**
**Chicago**
Sukhpal Gill
**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 135 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਬੀਬੀ ਜਸਬੀਰ ਕੌਰ ਸਲੂਜਾ ਨੂੰ ਸਦਮਾ; ਛੋਟੀ ਭੈਣ ਦਾ ਦੇਹਾਂਤ



**ਪੈਲਾਟਾਈਨ:** ਗੁਰਦੁਆਰਾ ਸਾਹਿਬ ਪੈਲਾਟਾਈਨ ਦੇ ਸਾਬਕਾ ਪ੍ਰਧਾਨ ਬੀਬੀ ਡਾ. ਜਸਬੀਰ ਕੌਰ ਸਲੂਜਾ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਿਆ ਜਦੋਂ ਉਨ੍ਹਾਂ ਦੇ ਛੋਟੇ ਭੈਣ ਬੀਬੀ ਰਣਬੀਰ ਕੌਰ ਸੋਖੀ ਆਪਣੇ ਸਵਾਸਾਂ ਦੀ ਪੂੰਜੀ ਪੂਰੀ ਕਰ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ ਅਤੇ 10 ਅਪਰੈਲ ਨੂੰ ਸਵੇਰੇ ਅਕਾਲ ਚਲਾਣਾ ਕਰ ਗਏ। ਉਹ 87 ਸਾਲਾਂ ਦੇ ਸਨ। ਉਹ ਦਾ ਪੰਜਾਬ ਵਿਚ ਪਿਛਲਾ ਪਿੰਡ ਚਾਹਲ, ਜ਼ਿਲ੍ਹਾ ਗੁਰਦਾਸਪੁਰ ਸੀ। ਉਨ੍ਹਾਂ ਦੀਆਂ ਪੰਜ ਭੈਣਾਂ - ਪਰਕਾਸ਼ ਕੌਰ (ਸਵ.), ਡਾ. ਸਤਵੰਤ ਕੌਰ (ਸਵ.), ਡਾ. ਅੰਮ੍ਰਿਤ ਪਾਲ ਕੌਰ (ਸਵ.), ਡਾ. ਜਸਬੀਰ ਕੌਰ ਸਲੂਜਾ ਅਤੇ ਡਾ. ਸਿਮਰਨ ਕੌਰ ਸੈਂਬੀ ਹਨ।

ਬੀਬੀ ਰਣਬੀਰ ਕੌਰ ਸਾਲ 1965 ਵਿਚ ਇਕ ਸਾਲ ਦਾ ਵੀਜ਼ਾ ਲੈ ਕੇ ਅਮਰੀਕਾ ਆਏ ਸਨ ਅਤੇ ਵਾਪਸ ਚਲੇ ਗਏ ਸਨ। 1970 ਵਿਚ ਉਹ ਮੁੜ ਅਮਰੀਕਾ ਆਏ ਤੇ ਫਿਰ ਇੱਥੇ ਹੀ ਰਹੇ। ਉਹ ਬਹੁਤ ਹੀ ਨਰਮ ਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਬੱਚਿਆਂ ਅਤੇ ਜਾਨਵਰਾਂ ਨਾਲ ਉਨ੍ਹਾਂ ਨੂੰ ਖਾਸ ਲਗਾਵ ਸੀ। ਉਹ ਵਧੀਆ ਦੋਸਤ ਵੀ ਸਨ। ਉਨ੍ਹਾਂ ਨਮਿਤ ਸਹਿਜ ਪਾਠ 12 ਅਪਰੈਲ ਨੂੰ ਰੱਖਿਆ ਗਿਆ ਹੈ, ਜਿਸ ਦਾ ਭੋਗ 17 ਅਪਰੈਲ, ਦਿਨ ਸ਼ੁਕਰਵਾਰ ਨੂੰ ਪਵੇਗਾ। ਉਨ੍ਹਾਂ ਦਾ ਅੰਤਿਮ ਸਸਕਾਰ Haben Funeral Home, 8057 Niles Center Rd., Skokie ਵਿਖੇ 17 ਅਪਰੈਲ, ਦਿਨ ਸ਼ੁਕਰਵਾਰ ਨੂੰ ਦੁਪਹਿਰ 12 ਤੋਂ 2 ਵਜੇ ਦਰਮਿਆਨ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਪੈਲਾਟਾਈਨ ਵਿਖੇ ਸ਼ਾਮ 3:30 ਤੋਂ 5:30 ਵਜੇ ਹੋਵੇਗੀ। ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਡਾ. ਜਸਬੀਰ ਕੌਰ ਸਲੂਜਾ ਨਾਲ ਫੋਨ ਨੰਬਰ 847-363-1919 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਵਿਧਾਨ ਸਭਾ ਵਲੋਂ ...

*(ਪਹਿਲੇ ਸਫ਼ੇ ਦਾ ਬਾਕੀ)*

ਬੋਲਦਿਆਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਇਸ ਬਿੱਲ ਦਾ ਸਮਰਥਨ ਕਰਦੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਦੇ ਸਾਲ ਪੂਰੇ ਹੋ ਗਏ ਹਨ ਅਤੇ ਬਰਗਾੜੀ ਤੇ ਬਹਿਬਲ ਕਲਾਂ ਦੇ' ਕੇਸਾਂ ਵਿਚ ਜਾਂਚ ਪੂਰੀ ਨਹੀਂ ਹੋਈ, ਬਲਕਿ ਸਾਰੇ ਕੇਸ ਚੰਡੀਗੜ੍ਹ ਤਬਦੀਲ ਹੋ ਗਏ ਹਨ। ਜਾਂਚ ਕਰਨ ਵਾਲੇ ਅਧਿਕਾਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਮੁੱਦਾ ਉਠਾਉਂਦਿਆਂ ਬਾਜਵਾ ਨੇ ਕਿਹਾ ਕਿ ਉਸ ਨੂੰ ਪਾਰਟੀ ਨੇ ਪਾਸੇ ਕਰ ਦਿੱਤਾ। ਪਰ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਦਾਅਵਾ ਕੀਤਾ ਕਿ ਸਾਡੀ ਸਰਕਾਰ ਨੇ 2023 ਵਿਚ ਇਸ ਕੇਸ ਵਿਚ ਚਲਾਨ ਪੇਸ਼ ਕੀਤਾ ਅਤੇ ਬਾਅਦ ਵਿਚ ਸਪਲੀਮੈਂਟਰੀ ਚਲਾਨ ਵੀ ਪੇਸ਼ ਹੋਏ ਅਤੇ ਅਜੇ ਸੁਖਬੀਰ ਸਿੰਘ ਬਾਦਲ, ਸੁਮੇਧ ਸੈਣੀ, ਪਰਮਰਾਜ ਸਿੰਘ ਉਮਰਾਨੰਗਲ, ਅਮਰ ਸਿੰਘ ਚਾਹਲ ਅਤੇ ਚਰਨਜੀਤ ਸ਼ਰਮਾ ਸਮੇਤ ਸਾਰੇ ਦੋਸ਼ੀ ਜ਼ਮਾਨਤਾਂ 'ਤੇ ਹਨ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵੀ ਦੋਸ਼ ਲਗਾਇਆ ਕਿ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਦਾ ਇਕ ਹਿੱਸਾ ਦੋਸ਼ੀਆਂ ਨੂੰ ਬਚਾਉਣ ਲਈ ਗਾਇਬ ਕਰ ਦਿੱਤਾ। ਗਿਆ। ਬਿੱਲ 'ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਸਾਬਕਾ ਮੰਤਰੀ ਇੰਦਰਬੀਰ ਸਿੰਘ ਨਿੱਜਰ, ਤਲਵੰਡੀ ਸਾਬੋ ਤੋਂ ਵਿਧਾਇਕ ਬਲਜਿੰਦਰ ਕੌਰ, ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਰਾਣਾ ਇੰਦਰਪ੍ਰਤਾਪ ਸਿੰਘ, ਮਨਵਿੰਦਰ ਸਿੰਘ ਗਿਆਸਪੁਰ, ਕਿਰਨਜੋਤ ਕੌਰ, ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ,. ਅਮਨ ਅਰੋੜਾ, ਕਾਂਗਰਸ ਦੇ ਪ੍ਰਗਟ ਸਿੰਘ ਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਵੀ ਵਿਚਾਰ ਰੱਖੇ। ਕਾਂਗਰਸ ਦੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਸਿੱਖਾਂ ਸੰਬੰਧੀ ਕੋਈ ਫੈਸਲਾ ਕਰਨ ਮੌਕੇ ਨਹਿਰੂ-ਮਾਸਟਰ ਤਾਰਾਜ ਸਿੰਘ ਸਮਝੌਤੇ ਅਨੁਸਾਰ ਸ਼੍ਰੋਮਣੀ ਕਮੇਟੀ ਦੀ ਰਜ਼ਾਮੰਦੀ ਲਈ ਜਾਣੀ ਜ਼ਰੂਰੀ ਹੈ। ਅਕਾਲੀ ਦਲ ਦੇ ਮਨਪ੍ਰੀਤ ਸਿੰਘ ਇਯਾਲੀ ਨੇ ਦੋਸ਼ ਲਗਾਇਆ ਕਿ 2015 ਦੀਆਂ ਘਟਨਾਵਾਂ ਤੋਂ ਬਾਅਦ ਅਕਾਲੀ ਸਰਕਾਰ ਦੌਰਾਨ ਦੋਸ਼ੀ ਨਾ ਫੜੇ ਗਏ ਨਾ ਨਾਮਜ਼ਦ ਹੋਏ। ਉਨ੍ਹਾਂ ਅਜਿਹੇ ਕੇਸਾਂ ਵਿਚ ਅਦਾਲਤੀ ਕਾਰਵਾਈ ਨੂੰ ਵੀ ਸਮਾਂਬੱਧ ਕਰਨ ਦੀ ਮੰਗ ਕੀਤੀ। ਬਿੱਲ 'ਤੇ ਭਾਜਪਾ ਦੇ ਜੰਗੀ ਲਾਲ ਮਹਾਜਨ ਅਤੇ ਬਸਪਾ ਦੇ ਨਛੱਤਰਪਾਲ ਨੇ ਵੀ ਵਿਚਾਰ ਰੱਖੇ। ਬਿੱਲ ਪਾਸ ਹੋਣ 'ਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਹਰਜੋਤ ਸਿੰਘ ਬੈਂਸ ਵਲੋਂ 'ਬੋਲੇ ਸੋ ਨਿਹਾਲ' ਦੇ ਪੰਜ ਜੈਕਾਰੇ ਲਗਾਏ ਗਏ ਅਤੇ ਸਦਨ ਇਕ ਵਾਰ ਜੈਕਾਰਿਆਂ ਨਾਲ ਗੂੰਜ ਪਿਆ। ਇੰਦਰਬੀਰ ਸਿੰਘ ਨਿੱਜਰ ਵਲੋਂ ਤੇ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਤੇ ਨਕੋਦਰ ਕਾਂਡ ਸਬੰਧੀ ਸਿਲੈਕਟ ਕਮੇਟੀ ਨੂੰ ਰਿਪੋਰਟ ਦੇਣ ਲਈ 6 ਮਹੀਨੇ ਦਾ ਹੋਰ ਸਮਾਂ ਦੇਣ ਸੰਬੰਧੀ ਪੇਸ਼ ਕੀਤੇ ਗਏ ਮਤੇ ਨੂੰ ਵੀ ਸਦਨ ਨੇ ਪ੍ਰਵਾਨ ਕਰ ਲਿਆ। ਸਦਨ ਵਿਚ ਕੁਝ ਰਿਪੋਰਟਾਂ ਵੀ ਪੇਸ਼ ਕੀਤੀਆਂ ਗਈਆਂ ਅਤੇ ਇਜਲਾਸ ਦੀ ਬੈਠਕ ਅਣਮਿੱਥੇ ਸਮੇਂ ਬ ਲਈ ਉਠਾਉਣ ਲਈ ਮਤਾ ਵੀ ਪਾਸ ਕਰ ਤੋਂ ਦਿੱਤਾ ਗਿਆ। ਸਦਨ ਵਲੋਂ ਕੇਵਲ ਸਰਕਾਰੀ ਕੰਮਕਾਜ ਕਰਨ ਸਬੰਧੀ ਹੀ ਪਾਸ ਕੀਤੇ ਮਤੇ ਕਾਰਨ ਕੋਈ ਧਿਆਨ ਦਿਵਾਊ ਮਤੇ, ਕੰਮ ਰੋਕੂ ਮਤਾ ਜਾਂ ਸਵਾਲਾਂ-ਜੁਆਬਾਂ ਲਈ ਸਮਾਂ ਨਹੀਂ ਰੱਖਿਆ ਗਿਆ ਅਤੇ ਨਾ ਹੀ ਸਿਫਰ ਕਾਲ ਹੀ ਰੱਖਿਆ ਗਿਆ।

### ਸੋਧੇ ਬਿੱਲ ਸੰਬੰਧੀ ਮਾਹਰਾਂ ਦੇ ਵਿਚਾਰ

ਵਿਧਾਨ ਸਭਾ ਵਲੋਂ ਅੱਜ ਪਾਸ ਕੀਤੇ ਗਏ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਸੰਬੰਧੀ ਸੋਧ ਬਿੱਲ ਬਾਰੇ ਜਦੋਂ ਸੂਬੇ ਦੇ ਨਾਮੀ ਕਾਨੂੰਨਦਾਨਾਂ ਦੇ ਵਿਚਾਰ ਲਏ ਗਏ ਤਾਂ ਉਨ੍ਹਾਂ ਤੋਂ ਰਲੇ-ਮਿਲੇ ਵਿਚਾਰ ਮਿਲੇ। ਸੀਨੀਅਰ ਵਕੀਲ ਮਨਜੀਤ ਸਿੰਘ ਖਹਿਰਾ ਦਾ ਕਹਿਣਾ ਸੀ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਰਾਜ' ਸਰਕਾਰ ਸੂਬੇ ਲਈ ਕਾਨੂੰਨ ਬਣਾਉਣ ਦਾ ਅਧਿਕਾਰ ਰੱਖਦੀ ਹੈ ਪਰ ਅਜਿਹੇ ਕਾਨੂੰਨ ਪਾਸ ਕਰਨ ਨਾਲ ਮਰਿਆਦਾ ਸਬੰਧੀ ਕਈ ਮੁੱਦੇ ਪੈਦਾ ਹੋ ਜਾਣਗੇ। ਬੇਅਦਬੀ ਦੀ ਸੂਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ: ਦੇ ਸਰੂਪ ਕੈਸ਼ ਪ੍ਰਾਪਰਟੀ ਬਣ ਜਾਣਗੇ ਅਤੇ ਕੀ ਡੀ.ਐਸ.ਪੀ. ਪੱਧਰ ਦਾ ਅਧਿਕਾਰੀ ਜੋ ਕਿਸੇ ਵੀ ਧਰਮ ਤੋਂ ਹੋ ਸਕਦਾ ਹੈ ਗੁਰੂ ਸਾਹਿਬ ਦੇ ਸਰੂਪਾਂ ਨੂੰ ਮਾਣ-ਮਰਿਆਦਾ ਅਨੁਸਾਰ ਰੱਖ ਸਕੇਗਾ ਜਾਂ ਉਨ੍ਹਾਂ ਕੋਲ ਇਸ ਲਈ ਪ੍ਰਬੰਧ ਹੁੰਦੇ। ਹਨ। ਉਨ੍ਹਾਂ ਕਿਹਾ ਕਿ ਸਤਿਕਾਰ ਕਮੇਟੀਆਂ ਤੇ ਸ਼੍ਰੋਮਣੀ ਕਮੇਟੀ ਵਲੋਂ ਗੁਰੂ ਸਾਹਿਬ ਦੇ ਸਰੂਪ ਰੱਖਣ ਲਈ ਕਮਰੇ ਦੇ ਆਕਾਰ ਤੋਂ ਲੈ ਕੇ ਕਈ ਤਰ੍ਹਾਂ ਦੇ ਆਦੇਸ਼ ਜਾਰੀ ਕੀਤੇ ਹੋਏ ਹਨ। ਉਨਾਂ ਕਿਹਾ ਕਿ ਮਰਿਆਦਾ ਸਬੰਧੀ ਵੀ ਕੋਈ ਪ੍ਰਵਾਨਿਤ ਆਦੇਸ਼ ਨਾ ਹੋਣ ਕਾਰਨ ਸਥਿਤੀ ਸਪੱਸ਼ਟ ਨਹੀਂ। ਸੂਬੇ ਦਾ ਐਕਟ ਹੋਣ ਕਾਰਨ ਪੰਜਾਬ ਬਾਹਰ ਦੇ ਕੇਸਾਂ ਲਈ ਵੱਖਰਾ ਕਾਨੂੰਨ ਅਮਲ ਹੇਠ ਆਵੇਗਾ। ਇਸੇ ਕੀਤੇ ਮਤੇ ਕਾਰਨ ਕੋਈ ਧਿਆਨ ਦਿਵਾਊ ਮਤੇ, ਕੰਮ ਰੋਕੂ ਮਤਾ ਜਾਂ ਸਵਾਲਾਂ-ਜੁਆਬਾਂ ਤਰ੍ਹਾਂ ਮਨੁੱਖੀ ਅਧਿਕਾਰਾਂ ਸਬੰਧੀ ਨਾਮਵਰ ਵਕੀਲ ਅਤੇ ਸਵਰਗੀ ਜਸਟਿਸ ਅਜੀਤ ਸਿੰਘ ਬੈਂਸ ਦੇ ਬੇਟੇ ਆਰ.ਐਸ. ਬੈਂਸ ਨੇ ਕਿਹਾ ਕਿ ਇਕ ਧਰਮ ਲਈ ਵੱਖਰਾਂ ਕਾਨੂੰਨ ਨਹੀਂ ਹੋ ਸਕਦਾ । ਇਕ ਧਾਰਮਿਕ ਗ੍ਰੰਥ ਲਈ ਉਮਰ ਕੈਦ ਅਤੇ ਦੂਸਰਿਆਂ ਲਈ 2-3 ਸਾਲ ਦੀ ਸਜ਼ਾ ਅਤੇ ਪੰਜਾਬ ਤੋਂ ਬਾਹਰ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਵੀ ਵੱਖਰੇ ਕਾਨੂੰਨ ਕਾਰਨ ਅਜਿਹਾ ਕਾਨੂੰਨ ਅਦਾਲਤ ਵਿਚ ਕਾਇਮ ਨਹੀਂ ਰਹਿ ਸਕੇਗਾ, ਕਿਉਂਕਿ ਸਾਡਾ ਵਿਧਾਨ ਸਾਰੇ ਧਰਮਾਂ ਲਈ ਬਰਾਬਰੀ ਦੀ ਗੱਲ ਕਰਦਾ ਹੈ। ਉਨ੍ਹਾਂ ਕਿਹਾ ਕਿ ਮੇਰੇ ਮੁਤਾਬਿਕ ਅਜਿਹਾ ਸੋਧ ਬਿੱਲ ਅਗਰ ਪ੍ਰਵਾਨ ਚੜ੍ਹ ਵੀ ਜਾਂਦਾ ਹੈ, ਇਹ ਕਾਨੂੰਨ ਦੀ ਕਸਵੱਟੀ 'ਤੇ ਪ੍ਰਵਾਨ ਨਹੀਂ ਚੜ੍ਹ ਪਾਵੇਗਾ। ਸਿੱਖ ਮਾਮਲਿਆਂ ਤੇ ਮਨੁੱਖੀ ਅਧਿਕਾਰਾਂ ਦੇ ਮਾਹਿਰ ਅਤੇ ਸੀਨੀਅਰ ਵਕੀਲ ਨਵਕਿਰਨ ਸਿੰਘ ਦਾ ਵਿਚਾਰ ਸੀ ਕਿ ਰਾਜ ਸਰਕਾਰ ਨੂੰ ਆਪਣੇ ਸਟੇਟ ਐਕਟ 'ਚ ਸੋਧ ਦਾ ਅਧਿਕਾਰ ਹੈ। ਅਤੇ ਮੇਰੇ ਵਿਚਾਰ ਅਨੁਸਾਰ ਅਜਿਹਾ ਕਾਨੂੰਨ ਰਾਜਪਾਲ ਪੱਧਰ 'ਤੇ ਹੀ ਪ੍ਰਵਾਨ ਹੋ ਸਕਦਾ ਹੈ ਅਤੇ ਇਸ ਨੂੰ ਰਾਸ਼ਟਰਪਤੀ ਨੂੰ ਭੇਜਣ ਦੀ ਲੋੜ ਨਹੀਂ। ਉਨ੍ਹਾਂ ਕਿਹਾ ਕਿ ਸੂਬਾ ਆਪਣਾ ਕਾਨੂੰਨ ਬਣਾ ਸਕਦਾ ਹੈ, ਪਰ ਸੀ.ਆਰ.ਪੀ.ਸੀ. ਵਿਚ ਕੀਤੀ ਸੋਧ ਭਾਰਤ ਸਰਕਾਰ ਕੋਲ ਜਾ ਸਕਦੀ ਸੀ,ਅਤੇ ਮੇਰੇ ਵਿਚਾਰ ਵਿਚ ਇਹ ਸੋਧ ਬਿੱਲ ਸੂਬੇ ਦੇ ਅਧਿਕਾਰ ਖੇਤਰ ਵਿਚ ਹੈ।

## ਮੌਜੂਦਾ ਕਾਨੂੰਨਾਂ 'ਚ ਵੀ ਸਜ਼ਾ ਦਿਵਾਉਣ 'ਚ ਨਾਕਾਮ ਰਹੀ ਸਰਕਾਰ: ਅਸ਼ਵਨੀ ਸ਼ਰਮਾ

**ਚੰਡੀਗੜ੍ਹ:** ਬੇਅਦਬੀਆਂ 'ਤੇ ਸਖ਼ਤ ਸਜ਼ਾਵਾਂ ਵਾਲਾ ਬਿੱਲ ਪਾਸ ਹੋਣ ਤੋਂ ਬਾਅਦ ਗੱਲਬਾਤ ਕਰਦਿਆਂ ਪੰਜਾਬ ਭਾਜਪਾ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਕਾਨੂੰਨ ਕੁਝ ਸਹੀ ਕਰਨ ਦੀ ਨੀਅਤ ਨਾਲ ਚੱਲਦੇ ਹਨ, ਪਰ ਪੰਜਾਬ ਸਰਕਾਰ ਦੀ ਨੀਅਤ ਸਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਬਰਗਾੜੀ ਬੇਅਦਬੀ ਦੇ ਮਾਮਲੇ ਵਿਚ ਸਰਕਾਰ ਬਣਨ ਤੋਂ ਪਹਿਲਾਂ ਕੇਜਰੀਵਾਲ ਨੇ ਕਿਹਾ ਸੀ ਕਿ ਸਰਕਾਰ ਬਣਦੇ ਹੀ 24 ਘੰਟਿਆਂ ਵਿਚ ਇਨਸਾਫ ਦੇਵਾਂਗੇ ਅਤੇ ਦੋਸ਼ੀਆਂ ਨੂੰ ਅੰਦਰ ਕਰਾਂਗੇ, ਪਰ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਵੀ ਸਜ਼ਾ ਨਹੀਂ ਹੋਈ ਅਤੇ ਪਿਛਲੇ ਚਾਰ ਸਾਲਾਂ ਵਿਚ ਬਰਗਾੜੀ ਬੇਅਦਬੀ ਦੇ ਮਾਮਲਿਆਂ ਵਿਚ ਸਰਕਾਰ ਦੀ ਕਾਰਵਾਈ ਢਿੱਲੀ ਰਹੀ ਹੈ।




## ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਸਮਾਂ-ਹੱਦ ਤੈਅ ਕੀਤੀ ਜਾਵੇ: ਵੜਿੰਗ

**ਚੰਡੀਗੜ੍ਹ:** ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਬੇਅਦਬੀ ਕਾਨੂੰਨ ਨੂੰ ਹੋਰ ਸਖ਼ਤ ਬਣਾਉਣ ਲਈ ਕੀਤੀ ਗਈ ਸੋਧ ਦਾ ਸਵਾਗਤ ਕਰਦਿਆਂ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਇਕ ਨਿਰਧਾਰਤ ਸਮਾਂ-ਹੱਦ ਤੈਅ ਕਰਨ ਦੀ ਮੰਗ ਵੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰਾਂ ਦੀ ਨੀਅਤ ਸੱਚੀ ਨਾ ਹੋਵੇ, ਤਾਂ ਵਾਰ-ਵਾਰ ਕਾਨੂੰਨ ਪਾਸ ਕਰਨ ਜਾਂ ਸੋਧਾਂ ਲਿਆਉਣ ਦਾ ਕੋਈ ਲਾਭ ਨਹੀਂ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ 'ਆਪ' ਸਰਕਾਰ ਦੀ ਨੀਅਤ ਵੀ ਸਹੀ ਨਹੀਂ ਰਹੀ ਹੈ, ਕਿਉਂਕਿ ਸਰਕਾਰ ਲਈ ਮੌਜੂਦਾ ਕਾਨੂੰਨਾਂ ਹੇਠ ਵੀ ਦੋਸ਼ੀਆਂ ਨੂੰ ਸਜ਼ਾ ਦੇਣ ਵਿਚ ਕੋਈ ਮੁਸ਼ਕਿਲ ਨਹੀਂ ਸੀ, ਪਰ ਸਿਰਫ਼ ਨੀਅਤ ਦੀ ਕਮੀ ਸੀ।



## ਨਾਕਾਬੰਦੀ ਨੇੜੇ ਆਏ...

*(ਪਹਿਲੇ ਸਫ਼ੇ ਦਾ ਬਾਕੀ)*

ਤੇਜ਼ੀ ਅਤੇ ਸਖ਼ਤੀ ਨਾਲ ਕਾਰਵਾਈ ਕੀਤੀ ਜਾਵੇਗੀ। ਨਾਕਾਬੰਦੀ ਨੂੰ ਯਕੀਨੀ ਬਣਾਉਣ ਲਈ ਅਮਰੀਕੀ ਜਲ ਸੈਨਾ ਅਤੇ ਸੁਰੱਖਿਆ ਬਲ ਪੂਰੀ ਤਰ੍ਹਾਂ ਮੁਸਤੈਦ ਹਨ। ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੀ ਗੱਲਬਾਤ ਦੇ ਬੇਸਿੱਟਾ ਰਹਿਣ ਤੋਂ ਬਾਅਦ, ਅਮਰੀਕੀ ਫ਼ੌਜ ਨੇ ਅੱਜ ਵੱਡਾ ਐਲਾਨ ਕੀਤਾ ਹੈ। ਅਮਰੀਕਾ ਹੁਣ ਈਰਾਨ ਦੀਆਂ ਬੰਦਰਗਾਹਾਂ ਤੋਂ ਹੋਣ ਵਾਲੀ ਸਾਰੀ ਸਮੁੰਦਰੀ ਆਵਾਜਾਈ (ਆਉਣ- ਜਾਣ ਵਾਲੇ ਜਹਾਜ਼ਾਂ) 'ਤੇ ਪੂਰੀ ਤਰ੍ਹਾਂ ਰੋਕ ਲਗਾ ਦੇਵੇਗਾ। ਇਹ ਇਕ ਤਰ੍ਹਾਂ ਦੀ ਆਰਥਿਕ ਨਾਕਾਬੰਦੀ ਹੋਵੇਗੀ, ਜਿਸ ਤਹਿਤ ਕੱਚੇ ਤੇਲ ਅਤੇ ਗੈਸ ਨਾਲ ਲੱਦੇ ਸਮੁੰਦਰੀ ਬੇੜਿਆਂ ਨੂੰ ਚੱਲਣ ਤੋਂ ਰੋਕਿਆ ਜਾਵੇਗਾ।

## ਈਰਾਨ ਸ਼ਾਂਤੀ ਤੇ ਜੰਗ ਦੋਵਾਂ ਲਈ ਤਿਆਰ: ਈਰਾਨੀ ਰਾਜਦੂਤ

**ਨਵੀਂ ਦਿੱਲੀ:** ਈਰਾਨ ਦੇ ਰਾਜਦੂਤ ਮੁਹੰਮਦ ਫਤਹਾਲੀ ਨੇ ਕਿਹਾ ਹੈ ਕਿ ਜੇਕਰ ਅਮਰੀਕਾ ਗੈਰ-ਕਾਨੂੰਨੀ ਮੰਗਾਂ ਤੋਂ ਪਰਹੇਜ਼ ਕਰਦਾ ਹੈ ਤੇ ਤਹਿਰਾਨ ਦੀਆਂ ਸ਼ਰਤਾਂ ਨੂੰ ਸਵੀਕਾਰ ਕਰਦਾ ਹੈ ਤਾਂ ਈਰਾਨ ਅਮਰੀਕਾ ਨਾਲ ਸ਼ਾਂਤੀ ਗੱਲਬਾਤ ਦਾ ਇਕ ਹੋਰ ਦੌਰ ਸ਼ੁਰੂ ਕਰਨ ਲਈ ਤਿਆਰ ਹੈ, ਪਰ ਜੇਕਰ ਗੱਲਬਾਤ ਸਿਰੇ ਨਹੀਂ ਚੜ੍ਹਦੀ ਤਾਂ ਜੰਗ ਲਈ। ਵੀ ਤਿਆਰ ਹੈ। ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਈਰਾਨੀ ਬੰਦਰਗਾਹਾਂ 'ਤੇ ਅਮਰੀਕੀ ਨਾਕਾਬੰਦੀ ਪ੍ਰਭਾਵੀ ਹੋ ਰਹੀ ਹੈ, ਜਿਸ ਨਾਲ ਤਣਾਅ ਹੋਰ ਵਧ ਰਿਹਾ ਹੈ। ਫਤਹਾਲੀ ਨੇ ਈਰਾਨੀ ਬੰਦਰਗਾਹਾਂ 'ਚ ਆਉਣ-ਜਾਣ ਵਾਲੀ ਸਮੁੰਦਰੀ ਆਵਾਜਾਈ ' 'ਤੇ ਅਮਰੀਕਾ ਦੀ ਫ਼ੌਜੀ ਨਾਕਾਬੰਦੀ ਦਾ ਵੀ ਜਵਾਬ ਦਿੱਤਾ। ਉਨਾਂ ਕਿਹਾ ਕਿ



ਵਾਸ਼ਿੰਗਟਨ ਈਰਾਨ ਦੀਆਂ ਸਮਰੱਥਾਵਾਂ ਤੋਂ ਭਲੀ-ਭਾਂਤ ਜਾਣੂ ਹੈ। ਅਤੇ ਤਹਿਰਾਨ 'ਸਾਰੇ ਵਿਕਲਪਾਂ' ਲਈ ਪੂਰੀ ਤਰ੍ਹਾਂ ਤਿਆਰ ਹੈ । ਫਤਹਾਲੀ ਨੇ ਈਰਾਨੀ ਦੂਤਘਰ 'ਚ ਮੀਡੀਆ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਜੇਕਰ ਤੁਸੀਂ ਕਿਸੇ ਵੀ ਕੂਟਨੀਤਕ ਪ੍ਰਕਿਰਿਆ 'ਚ ਤਰੱਕੀ ਚਾਹੁੰਦੇ ਹੋ, ਤਾਂ (ਦੋਵੇਂ) ਧਿਰਾਂ ਨੂੰ ਗੱਲਬਾਤ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਗੈਰ-ਕਾਨੂੰਨੀ ਮੰਗਾਂ ਤੋਂ ਬਚਣਾ ਚਾਹੀਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# Punjabi American Organization

## ਕੁਲ ਲੋਕਾਈ ਨੂੰ ਗੁਰੂ ਰੂਪ ਖਾਲਸਾ ਜੀ ਦੇ ਸਾਜਨਾ ਦਿਹਾੜੇ ਅਤੇ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਦੇ ਦਿਹਾੜੇ ਗੁਰੂ ਨਾਨਕ ਚਿੰਤਨ ਦੇ ਅੰਮ੍ਰਿਤ ਫਲ 'ਖਾਲਸੇ' ਨੂੰ ਰੂਪਮਾਨ ਕੀਤਾ। ਆਓ, ਦਸਮੇਸ਼ ਪਿਤਾ ਦੇ ਇਸ ਪਰਉਪਕਾਰ ਨੂੰ ਜੀਵਦਿਆਂ, ਮਨੁੱਖੀ ਜੀਵਨ ਨੂੰ ਉਤਸ਼ਾਹ, ਚੜ੍ਹਦੀ ਕਲਾ ਤੇ ਗੌਰਵ ਨਾਲ ਜਿਊਣ ਦੀ ਪ੍ਰੇਰਣਾ ਪ੍ਰਾਪਤ ਕਰੀਏ।*

### *Teeyan Committee*


Minni Multani


Raj Mago



Sukhi Singh


Naina Singh


Joti Khaira


Kamal Hunjan


Gurpreet Singh


Prabh Khaira


Pammi Sangha


Jasmeet Suga


Sheetal Kalra


Jeewan Dhami


Rosie Rehal


Naiha Walia


Pinky Walia

**'ਤੀਆਂ ਦਾ ਮੇਲਾ - 2026'**
**2 ਅਗਸਤ, 2026**
**(ਦਿਨ ਐਤਵਾਰ)**

*ਆਪਣੇ ਸਹਿਯੋਗੀਆਂ ਅਤੇ ਸਪਾਂਸਰਾਂ ਦੀ ਮਦਦ ਨਾਲ ਹਰ ਸਾਲ ਵਾਂਗ ਐਤਕੀਂ ਵੀ 'ਤੀਆਂ ਦਾ ਮੇਲਾ' ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਖੂਬ ਰੌਣਕਾਂ ਲੱਗਣਗੀਆਂ। ਤੁਹਾਡੇ ਸਾਰਿਆਂ ਦੇ ਸਹਿਯੋਗ ਲਈ ਬਹੁਤ-ਬਹੁਤ ਧੰਨਵਾਦ।*

---

ਉਸ ਪੰਥ ਸਜਾਇਆ ਏ, ਤੇਗਾਂ ਦੀਆਂ ਧਾਰਾਂ 'ਤੇ।
ਰੰਗ ਨਵਾਂ ਚੜ੍ਹਾ ਦਿੱਤਾ, ਬੁਜ਼ਦਿਲਾਂ ਲਾਚਾਰਾਂ 'ਤੇ।

## ਸਮੂਹ ਸੰਗਤਾਂ ਨੂੰ ਖਾਲਸਾ ਸਾਜਨਾ ਦਿਹਾੜੇ ਦੀ ਕੋਟਾਨਿ ਕੋਟਿ ਵਧਾਈ

*ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਰਾਹੀਂ ਰੱਬੀ ਤਾਕਤ ਨੂੰ ਪ੍ਰਗਟ ਕੀਤਾ। ਖਾਲਸਾ ਇੱਕ ਸੰਕਲਪ ਸੀ ਜੋ ਪਰਮਾਤਮਾ ਅੱਗੇ ਬਲ ਦੀ ਅਰਦਾਸ ਕਰਦਾ ਨਿਮਾਣਾ ਜਾਚਕ ਤੇ ਪਰਮਾਤਮਾ ਤੋਂ ਬੇਮੁਖਾਂ ਦੀ ਰਾਹ ਵਿਚ ਪਰਬਤ ਬਣ ਕੇ ਖੜ੍ਹਾ ਜੋਧਾ ਸੀ। ਲੱਖਾਂ ਹੀ ਲੋਕ ਕਮਜ਼ੋਰ, ਅਨਾਥ, ਦੁਖੀਏ, ਜਾਬਰਾਂ ਦੇ ਹੇਠ ਮਿੱਧੇ ਹੋਏ ਤੇ ਮਿੱਧੇ ਜਾ ਰਹੇ ਨਿਤਾਣੇ, ਨਿਮਾਣੇ, ਨਿਆਸਰੇ ਰੁਲ ਰਹੇ ਸਨ। ਖਾਲਸਾ ਦਾ ਜਨਮ ਉਨ੍ਹਾਂ ਦਾ ਆਸਰਾ ਬਣਨ ਤੇ ਜੀਵਨ ਬਦਲਣ ਲਈ ਹੋਇਆ ਸੀ। ਖਾਲਸਾ ਦਾ ਜ਼ੋਰ ਕਿਸੇ ਨੂੰ ਡਰਾਉਣ ਲਈ ਨਹੀਂ ਪਰ ਜਾਬਰ ਤੋਂ ਡਰਨ ਲਈ ਵੀ ਨਹੀਂ ਸੀ। ਖਾਲਸਾ ਦਾ ਨਿਸ਼ਚਾ ਜਬਰ ਨਾ ਹੋਣ ਦੇਣ ਦਾ ਸੀ। ਖਾਲਸਾ ਦੀ ਸਫਲਤਾ ਸੱਚ ਤੇ ਧਰਮ ਦਾ ਜੀਵਨ ਜੀਊਣ, ਸੱਚੇ ਆਚਰਣ ਤੇ ਪਰੋਪਕਾਰ ਕਰਨ ਵਿਚ ਸੀ। ਪਰਮਾਤਮਾ ਅੱਗੇ ਖਾਲਸਾ ਦਾ ਸਮਰਪਣ ਆਪਣੇ ਜੀਵਨ ਨੂੰ ਪਰਮਾਤਮਾ ਦੇ ਅਨੁਕੂਲ ਕਰ ਦੇਣਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਲੋਹੇ ਦੇ ਬਾਟੇ ਵਿਚ ਜਲ ਤੋਂ ਅੰਮ੍ਰਿਤ ਤਿਆਰ ਕਰ ਖਾਲਸਾ ਨੂੰ ਮਾਣਸ ਤੋਂ ਦੇਵਤਾ ਬਣਾਉਣ ਦਾ ਨਿਰਾਲਾ ਕੌਤਕ ਵਰਤਾਇਆ ਜੋ ਮਨੁੱਖਤਾ 'ਤੇ ਮਹਾਨ ਉਪਕਾਰ ਸੀ। ਗੁਰੂ ਸਾਹਿਬ ਦਾ ਖਾਲਸਾ ਸਿਫਤਾਂ ਦਾ ਘਰ ਬਣਿਆ। ਉਹ ਧਰਮ ਤੇ ਦ੍ਰਿੜ੍ਹ ਰਹਿਣ ਵਾਲਾ ਨਿਰਭਉ ਸਿਪਾਹੀ ਸੀ, ਪਰਮਾਤਮਾ ਦੀ ਭਗਤੀ ਵਿਚ ਰਮਿਆ ਹੋਇਆ ਨਿਰਵੈਰ ਸਾਧਕ ਸੀ।*


ਸ. ਗੁਲਜ਼ਾਰ ਸਿੰਘ ਮੁਲਤਾਨੀ

## PAN OCEANIC

ENGINEERING CO.,INC.
SERVING THE CHICAGOLAND AREA SINCE 1998

6436 W Higgins Ave.
Chicago, IL 60656
Ph: 773 601-8408

# ‘ਪੰਜਾਬ ਟਾਈਮਜ਼’ ਦੇ ਸਮੂਹ ਪਾਠਕਾਂ ਅਤੇ ਸਾਧ-ਸੰਗਤ ਨੂੰ ਖਾਲਸਾ ਸਾਜਨਾ ਦਿਹਾੜੇ ਦੀ

# ਕੋਟਾਨਿ ਕੋਟਿ ਵਧਾਈ

## ਵਨ ਬੀਟ ਮੈਡੀਕਲ ਗਰੁੱਪ ਦੇ ਤਿੰਨਾਂ ਹਸਪਤਾਲਾਂ ਵਿੱਚ

ਫਰੀ ਸੇਵਾ — ਤਜ਼ਰਬੇਕਾਰ ਤੇ ਅਨੁਭਵੀ ਡਾਕਟਰਾਂ ਤੇ ਸਰਜਨਾਂ ਦੀ ਟੀਮ ਦੇ ਸਹਿਯੋਗ ਨਾਲ — ਫਰੀ ਸੇਵਾ



ਸ. ਅੰਮ੍ਰਿਤ ਸਿੰਘ
ਮੁਖੀ
ਵਨ ਬੀਟ ਮੈਡੀਕਲ ਗਰੁੱਪ

- ਮੈਡੀਕਲ ਵਿਭਾਗ
- ਗੰਭੀਰ ਰੋਗ ਵਿਭਾਗ
- ਇਸਤਰੀਆਂ ਨਾਲ ਸਬੰਧਤ ਰੋਗ ਵਿਭਾਗ
- ਟੀ. ਬੀ. ਅਤੇ ਛਾਤੀ ਰੋਗ ਵਿਭਾਗ
- ਹੱਡੀ ਰੋਗ ਵਿਭਾਗ
- ਅੱਖਾਂ ਦਾ ਰੋਗ ਵਿਭਾਗ
- ਸਾਧਾਰਨ ਰੋਗ ਵਿਭਾਗ
- ਸਰਜਰੀ ਵਿਭਾਗ
- ਨਵਜੰਮੇ ਬੱਚਿਆਂ ਨਾਲ ਸਬੰਧਤ ਰੋਗ ਵਿਭਾਗ

* ਬਿਰਧਾਂ, ਵਿਕਲਾਂਗਾਂ, ਨਿਮਾਣਿਆਂ, ਨਿਤਾਣਿਆਂ ਦਾ ਪਹਿਲ ਦੇ ਆਧਾਰ ਤੇ ਇਲਾਜ
* ਨੇੜਲੇ ਇਲਾਕਾ ਨਿਵਾਸੀਆਂ ਲਈ ਬਲੱਡ ਬੈਂਕ ਦੀ ਸੁਵਿਧਾ ਉਪਲਬਧ (95545-71155)



ਸ. ਬਹਾਦਰ ਸਿੰਘ
ਸੰਸਥਾਪਕ/ਚੇਅਰਮੈਨ
ਵਨ ਬੀਟ ਮੈਡੀਕਲ ਗਰੁੱਪ

ਵਨ ਬੀਟ ਹਸਪਤਾਲ ’ਚ ਆਉਣ ਵਾਲੇ ਮਰੀਜ਼ਾਂ ਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਵਾਸਤੇ ਫਰੀ ਲੰਗਰ ਦਾ ਪ੍ਰਬੰਧ

**ਮਰੀਜ਼ਾਂ ਵਾਸਤੇ ਦਵਾਈਆਂ, ਟੈਸਟ, ਅਪ੍ਰੇਸ਼ਨ, ਐਮਰਜੈਂਸੀ ਸੇਵਾਵਾਂ ਫਰੀ ਉਪਲਬਧ**

## ਵਨ ਬੀਟ ਮੈਡੀਕਲ ਗਰੁੱਪ

A Charitable Organization inspired by Sikhism way of life



ਖੁੱਲ੍ਹ ਗਿਆ ਹੈ

## ਵਨ ਬੀਟ ਆਈ ਹਸਪਤਾਲ

ਸੰਧੂਆਂ ਰੋਡ, ਸ੍ਰੀ ਚਮਕੌਰ ਸਾਹਿਬ 140112



ਦਿੱਤੀਆਂ ਜਾਣ ਵਾਲੀਆਂ ਸੇਵਾਵਾਂ

- ਓ.ਪੀ.ਡੀ.
- ਅੱਖਾਂ ਦੀ ਜਾਂਚ
- ਨੇੜੇ ਦੀ ਨਿਗਾ ਦੀਆਂ ਐਨਕਾਂ
- ਮੋਤੀਆਬਿੰਦ ਦਾ ਆਪ੍ਰੇਸ਼ਨ
- ਨਾਖੂਨਾਂ ਦਾ ਆਪ੍ਰੇਸ਼ਨ
- ਦਵਾਈਆਂ

**ਇਹ ਸਾਰੀਆਂ ਸੇਵਾਵਾਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ।**

ਹਸਪਤਾਲ ਖੁੱਲਣ ਦਾ ਸਮਾਂ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ

ਐਤਵਾਰ ਨੂੰ ਹਸਪਤਾਲ ਬੰਦ ਰਹੇਗਾ।

E-Mail: onebeatdasmeshhospital@gmail.com
https://onebeathospitals.in/ https:/onebeat.org.in/
PH:01881511952 M: 78892-68941

## ਵਲੋਂ: ਸ. ਬਹਾਦਰ ਸਿੰਘ ਅਤੇ ਪਰਿਵਾਰ

ੴ ਸਤਿਗੁਰ ਪ੍ਰਸਾਦਿ॥

# ਸਮੂਹ ਸੰਗਤਾਂ ਨੂੰ ਖਾਲਸਾ ਸਾਜਨਾ ਦਿਹਾੜੇ ਦੀ

# ਲੱਖ ਲੱਖ ਵਧਾਈ



ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ



## ਪ੍ਰੋਗਰਾਮ

**17 ਅਪਰੈਲ 2026**
ਅਰੰਭ ਸ੍ਰੀ ਅਖੰਡ ਪਾਠ
ਸਵੇਰੇ 10:30 ਵਜੇ

**19 ਅਪਰੈਲ 2026**
ਭੋਗ ਸ੍ਰੀ ਅਖੰਡ ਪਾਠ
ਸਵੇਰੇ 10:30 ਵਜੇ

ਗੁਰੂ ਘਰ ਦੇ ਹਜ਼ੂਰੀ ਰਾਗੀ ਕੀਰਤਨ ਤੇ ਕਥਾ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸੰਗਤਾਂ ਦੇ ਦਾਸ: ਸਮੂਹ ਪ੍ਰਬੰਧਕ ਕਮੇਟੀ ਅਤੇ ਮਿਲਵਾਕੀ ਦੀ ਸਾਧ ਸੰਗਤ

## Sikh Temple Of Wisconsin

7512 South Howell Ave. Oak Creek, WI 53154
Ph. 414-764-7454 Web Site: sikhtempleofwisconsin.com

ੴ ਸਤਿਗੁਰ ਪ੍ਰਸਾਦਿ

ਖਾਲਸਾ ਅਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥
ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਦੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥

# ਸਮੂਹ ਪੰਜਾਬੀ ਭਾਈਚਾਰੇ ਨੂੰ ਗੁਰੂ ਰੂਪ ਖਾਲਸਾ ਜੀ ਦੇ ਸਾਜਨਾ ਦਿਹਾੜੇ ਵਿਸਾਖੀ ਦੀ

# ਲੱਖ-ਲੱਖ ਵਧਾਈ



## ਵਲੋਂ: ਲਵ ਮਿਨਹਾਸ ਅਤੇ ਪਰਿਵਾਰ

# ਅਮਰੀਕਾ-ਇਰਾਨ ਜੰਗ: ਗੱਲਬਾਤ ਬਨਾਮ ਨਾਕਾਬੰਦੀ



ਇਰਾਨ ਤੇ ਅਮਰੀਕਾ ਦਰਮਿਆਨ ਇਸਲਾਮਾਬਾਦ ਵਿਚ 21 ਘੰਟੇ ਚੱਲੀ ਗੱਲਬਾਤ ਦੇ ਬੇਸਿੱਟਾ ਰਹਿਣ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਇਰਾਨ ਦੀਆਂ ਬੰਦਰਗਾਹਾਂ ਦੀ ਨਾਕਾਬੰਦੀ ਕਰਨ ਦਾ ਐਲਾਨ ਕਰ ਦਿੱਤਾ ਹੈ। ਜਵਾਬ ਵਿਚ ਇਰਾਨ ਦੇ ਰੈਵੋਲਿਊਸ਼ਨਰੀ ਗਾਰਡਜ਼ ਨੇ ਕਿਹਾ ਹੈ ਕਿ ਅਜਿਹਾ ਕੀਤੇ ਜਾਣ 'ਤੇ ਖਾੜੀ-ਓਮਾਨ ਸਾਗਰ ਦੀ ਕੋਈ ਵੀ ਬੰਦਰਗਾਹ ਸੁਰੱਖਿਅਤ ਨਹੀਂ ਹੋਵੇਗੀ। ਗੱਲਬਾਤ ਸ਼ੁਰੂ ਹੋਣ ਨਾਲ ਤੇਲ ਤੇ ਹੋਰ ਪੈਟਰੋਲੀਅਮ ਵਸਤਾਂ ਦੀ ਸਪਲਾਈ ਦੇ ਸੰਕਟ ਤੋਂ ਰਾਹਤ ਦੀ ਜੋ ਉਮੀਦ ਬਣੀ ਸੀ, ਉਸ ਉੱਪਰ ਇਕ ਵਾਰ ਤਾਂ ਪਾਣੀ ਫਿਰ ਗਿਆ ਹੈ। ਟਰੰਪ ਸਰਕਾਰ ਦੀ ਆਪਣੀਆਂ ਸ਼ਰਤਾਂ ਮੰਨਵਾਉਣ ਦੀ ਜ਼ਿੱਦ ਨੇ ਕੂਟਨੀਤਕ ਰਾਹ ਬੰਦ

**ਬੂਟਾ ਸਿੰਘ ਮਹਿਮੂਦਪੁਰ**

ਕਰ ਦਿੱਤੇ ਅਤੇ ਗੱਲਬਾਤ ਟੁੱਟ ਗਈ। ਟਰੰਪ ਦਾ ਜਨਵਰੀ 2020 'ਚ ਕੀਤਾ ਟਵੀਟ ਇਸ ਗੱਲਬਾਤ ਸਮੇਂ ਉਸਦੇ ਆਪਣੇ ਸ਼ਬਦਾਂ ਦੀ ਪੁਸ਼ਟੀ ਹੋ ਨਿੱਬੜਿਆ। ਓਦੋਂ ਟਰੰਪ ਨੇ ਲਿਖਿਆ ਸੀ ਕਿ ਇਰਾਨ ਭਾਵੇਂ ਜੰਗ ਜਿੱਤ ਨਾ ਸਕੇ, ਪਰ ਗੱਲਬਾਤ ਦੀ ਮੇਜ਼ 'ਤੇ ਉਹ ਨਹੀਂ ਹਾਰਦਾ। ਉਹ ਸੱਚੀਓਂ ਨਹੀਂ ਹਾਰੇ। ਟਰੰਪ ਵੱਲੋਂ ਗੱਲਬਾਤ ਲਈ ਭੇਜੇ ਉੱਪ-ਰਾਸ਼ਟਰਪਤੀ ਜੇ.ਡੀ. ਵੇਂਸ, ਰੀਅਲ ਅਸਟੇਟ ਕਾਰੋਬਾਰੀ ਸਟੀਵ ਵਿਟਕੌਫ ਅਤੇ ਟਰੰਪ ਦੇ ਜਵਾਈ ਜੈਰੇਡ ਕੁਸ਼ਨਰ ਦੀ ਨੇਤਨਯਾਹੂ ਨਾਲ ਨੇੜਤਾ ਅਤੇ ਕੂਟਨੀਤਕ ਯੋਗਤਾ ਨੂੰ ਲੈ ਤਾਂ ਪਹਿਲਾਂ ਹੀ ਸਵਾਲ ਉੱਠ ਰਹੇ ਸਨ। ਸ਼ਰਤਾਂ ਥੋਪਣ ਨੂੰ ਗੱਲਬਾਤ ਨਹੀਂ ਕਿਹਾ ਜਾ ਸਕਦਾ ਅਤੇ ਇਰਾਨੀ ਵਫ਼ਦ ਨੇ ਇਹ ਸ਼ਰਤਾਂ ਨਹੀਂ ਮੰਨੀਆਂ।

ਕਮਜ਼ੋਰ ਮੁਲਕਾਂ ਨੂੰ ਜੰਗੀ ਕਰੂਰਤਾਂ ਨਾਲ ਲਤਾੜਨਾ ਗਿੱਝੇ ਅਮਰੀਕੀ ਸਾਮਰਾਜੀਆਂ ਨੇ ਸੁਪਨੇ 'ਚ ਵੀ ਸੋਚਿਆ ਨਹੀਂ ਹੋਵੇਗਾ ਕਿ ਲੰਮੀ ਆਰਥਕ ਨਾਕਾਬੰਦੀ ਅਤੇ ਜੰਗ ਦੇ ਝੰਬੇ ਮੁਲਕ ਦਾ ਵਫ਼ਦ ਸਵੈਮਾਣ ਨਾਲ ਸਿਰ ਉੱਚਾ ਕਰਕੇ ਗੱਲਬਾਤ ਕਰਨ ਆਵੇਗਾ ਅਤੇ ਇਰਾਨ ਦਾ ਨਾਮੋਨਿਸ਼ਾਨ ਮਿਟਾ ਦੇਣ ਦੇ ਅਲਟੀਮੇਟਮ ਦੇਣ ਵਾਲਿਆਂ ਨੂੰ ਉਨ੍ਹਾਂ ਨਾਲ ਗੱਲਬਾਤ ਕਰਨੀ ਪਵੇਗੀ। ਇਰਾਨ ਨੂੰ 'ਪੱਥਰ ਯੁਗ ਵਿਚ ਵਾਪਸ ਭੇਜਣ' ਦੀਆਂ ਬੜ੍ਹਕਾਂ ਦਰਮਿਆਨ ਗੱਲਬਾਤ ਲਈ ਮਜਬੂਰ ਹੋਣਾ ਟਰੰਪ ਦੀ ਕਮਜ਼ੋਰ ਹਾਲਤ ਦੀ ਨਿਸ਼ਾਨੀ ਹੈ। ਪਾਕਿਸਤਾਨ ਦੀ ਕਥਿਤ ਵਿਚੋਲਗੀ ਨਾਲ ਗੱਲਬਾਤ ਲਈ ਇਸਲਾਮਾਬਾਦ ਜਾਣ ਸਮੇਂ ਇਰਾਨ ਦਾ ਵਫ਼ਦ ਜਹਾਜ਼ ਵਿਚ ਮ੍ਰਿਤਕ ਬੱਚੀਆਂ ਦੇ ਲਹੂ ਭਿੱਜੇ ਸਕੂਲ ਬੈਗ ਅਤੇ ਤਸਵੀਰਾਂ ਲੈ ਕੇ ਗਿਆ ਸੀ। ਅਤਿਅੰਤ ਦਰਦਨਾਕ ਮੰਜ਼ਰ ਦੀ ਜਹਾਜ਼ ਦੇ ਅੰਦਰੋਂ ਲਈ ਤਸਵੀਰ ਵਾਇਰਲ ਕਰਕੇ ਦੁਨੀਆ ਨੂੰ ਚੇਤੇ ਕਰਾਇਆ ਗਿਆ ਕਿ ਅਸੀਂ ਉਨ੍ਹਾਂ ਦੁਸ਼ਟ ਜੰਗਬਾਜ਼ਾਂ ਨਾਲ ਗੱਲਬਾਤ ਕਰਨ ਆਏ ਹਾਂ, ਜਿਨ੍ਹਾਂ ਨੇ ਯੁੱਧ ਦੇ ਪ੍ਰਵਾਨਤ ਅਸੂਲਾਂ ਦੀਆਂ ਧੱਜੀਆਂ ਉਡਾ ਕੇ ਸਾਡੇ ਨਾਗਰਿਕਾਂ ਦਾ ਕਤਲੇਆਮ ਕੀਤਾ ਹੈ। ਬੇਹੱਦ ਕਰੂਰਤਾ ਨਾਲ ਮਾਰ ਦਿੱਤੀਆਂ ਗਈਆਂ ਇਰਾਨ ਦੀਆਂ 168 ਧੀਆਂ ਲਈ ਨਿਆਂ ਦੀ ਮੰਗ ਨੂੰ ਚਿੰਨ੍ਹਾਤਮਕ ਰੂਪ 'ਚ ਉਠਾ ਕੇ ਇਰਾਨੀ ਵਫ਼ਦ ਨੇ ਜੰਗਬਾਜ਼ ਹਮਲਾਵਰ ਧਿਰ ਨੂੰ ਗੱਲਬਾਤ ਵਿਚ ਬੈਠਣ ਤੋਂ ਪਹਿਲਾਂ ਹੀ ਇਖ਼ਲਾਕੀ ਮਾਤ ਦੇ ਦਿੱਤੀ। ਇਰਾਨ ਨੇ ਅਮਰੀਕੀ ਵਫ਼ਦ ਦੀ 'ਅੰਤਮ ਅਤੇ ਬਿਹਤਰੀਨ ਪੇਸ਼ਕਸ਼' ਠੁਕਰਾ ਦਿੱਤੀ ਅਤੇ ਗੱਲਬਾਤ ਦੌਰਾਨ ਆਪਣੀ ਪੁਜੀਸ਼ਨ 'ਤੇ ਦ੍ਰਿੜ ਰਿਹਾ ਕਿ ਸ਼ਾਂਤੀ ਸਮਝੌਤਾ ਹੋਣ ਤੋਂ ਬਾਅਦ ਹੀ ਹੋਰਮੁਜ਼ ਖੋਲ੍ਹਿਆ ਜਾਵੇਗਾ।

ਅਮਰੀਕੀ ਸਾਮਰਾਜੀਆ ਉੱਪਰ ਆਪਣੇ ਮੁਲਕ ਦੇ ਅੰਦਰਲੇ ਅਤੇ ਬਾਹਰਲੇ ਦਬਾਅ ਸਪਸ਼ਟ ਹਨ। ਉਹ ਜੋ 42 ਦਿਨ ਦੀ ਧਾੜਵੀ ਜੰਗ ਰਾਹੀਂ ਹਾਸਲ ਨਹੀਂ ਕਰ ਸਕੇ ਉਹ ਕੂਟਨੀਤੀ ਰਾਹੀਂ ਹਾਸਲ ਕਰਨ ਆਏ ਸਨ। ਇਹ ਗੱਲਬਾਤ ਪਿਛਲੀ ਗੱਲਬਾਤ ਸਮੇਂ ਦੇ ਵਿਸਾਹਘਾਤ ਦੇ ਕੌੜੇ ਤਜਰਬੇ ਕਾਰਨ ਬਹੁਤ ਹੀ ਬੇਵਿਸ਼ਵਾਸੀ ਭਰੇ ਮਾਹੌਲ ਵਿਚ ਹੋ ਰਹੀ ਸੀ ਅਤੇ ਭਾਰੀ ਜ਼ੋਖਮ ਉਠਾ ਕੇ ਇਰਾਨ ਦੀ ਲੀਡਰਸ਼ਿਪ ਵੱਡੇ ਵਫ਼ਦ ਦੇ ਰੂਪ 'ਚ ਗੱਲਬਾਤ ਕਰਨ ਆਈ ਸੀ। ਲਾਜ਼ਮੀ ਤੌਰ 'ਤੇ ਉਹ ਆਪਣੇ ਖ਼ੁਫ਼ੀਆ ਤੇ ਫ਼ੌਜੀ ਵਸੀਲਿਆਂ ਦੀ ਜਾਸੂਸੀ ਕਰਨ ਦੀ ਅਮਰੀਕੀ-ਇਜ਼ਰਾਇਲੀ ਚਾਲ ਤੋਂ ਵੀ ਚੁਕੰਨੇ ਹੋਣਗੇ। ਹੰਕਾਰੇ ਹੋਏ ਅਮਰੀਕੀ ਵਫ਼ਦ ਦੇ ਖਾਲੀ ਹੱਥ ਮੁੜਨ ਨੇ ਇਸ ਉੱਪਰ ਮੋਹਰ ਲਾ ਦਿੱਤੀ ਕਿ ਉਹ ਜੰਗ ਨੂੰ ਰੋਕਣ ਲਈ ਸਹਿਮਤੀ ਬਣਾਉਣ ਲਈ ਨਹੀਂ, ਦਰਅਸਲ ਟਰੰਪ ਤੇ ਨੇਤਨਯਾਹੂ ਦਾ ਫ਼ੈਸਲਾ ਮੰਨਵਾਉਣ ਲਈ ਆਏ ਸਨ। ਨੇਤਨਯਾਹੂ ਨੇ ਤਾਂ ਇਹ ਭੇਤ ਵੀ ਨਸ਼ਰ ਕਰ ਦਿੱਤਾ ਹੈ ਕਿ ਇਸਲਾਮਾਬਾਦ ਮੀਟਿੰਗ ਦੌਰਾਨ ਜੇ.ਡੀ. ਵੇਂਸ ਉਸਨੂੰ 'ਕੱਲੀ-'ਕੱਲੀ ਗੱਲ ਦੀ ਰਿਪੋਰਟਿੰਗ ਕਰ ਰਿਹਾ ਸੀ ਅਤੇ ਟਰੰਪ ਪ੍ਰਸ਼ਾਸਨ ਦੇ ਮੈਂਬਰ ਇਰਾਨ ਬਾਰੇ ਉਸ ਨੂੰ ਰੋਜ਼ਾਨਾ ਰਿਪੋਰਟ ਕਰਦੇ ਹਨ।

ਇਰਾਨ ਦੇ ਵਫ਼ਦ ਨੇ ਟਰੰਪ ਦੀਆਂ ਸ਼ਰਤਾਂ ਮੰਨਣ ਤੋਂ ਸਾਫ਼ ਇਨਕਾਰ ਕਰਕੇ ਇਹ ਦੱਸ ਦਿੱਤਾ ਕਿ ਉਹ ਧੌਂਸਬਾਜ਼ ਸ਼ਰਤਾਂ ਮੰਨਣ ਦੀ ਬਜਾਏ ਲੜ ਕੇ ਮਰਨ ਲਈ ਤਿਆਰ ਹਨ। ਚੱਲਦੀ ਗੱਲਬਾਤ ਦੌਰਾਨ ਟਰੰਪ ਝੂਠਾ ਪ੍ਰਚਾਰ ਕਰਕੇ ਇਹ ਸਾਬਤ ਕਰਨ 'ਚ ਜੁਟਿਆ ਰਿਹਾ ਕਿ ਅਸੀਂ ਇਰਾਨ ਨੂੰ ਪੂਰੀ ਤਰ੍ਹਾਂ ਹਰਾ ਦਿੱਤਾ ਹੈ, ਅਸੀਂ ਜੋ ਪ੍ਰਾਪਤ ਕਰਨਾ ਸੀ ਉਹ ਕਰ ਲਿਆ ਹੈ; ਉਹ ਚਾਹੇ ਸਮਝੌਤਾ ਕਰਨ ਜਾਂ ਨਾ ਕਰਨ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਗੱਲਬਾਤ ਬੇਸਿੱਟਾ ਰਹਿਣ ਤੋਂ ਬਾਅਦ ਟਰੰਪ ਦੀ ਬੌਖਲਾਹਟ ਮੂੰਹ ਚੜ੍ਹ ਬੋਲ ਰਹੀ ਹੈ ਅਤੇ ਉਸਨੇ ਆਪਣੀ ਆਦਤ ਅਨੁਸਾਰ ਆਪਣੇ 'ਟਰੁੱਥ ਸੋਸ਼ਲ' ਉੱਪਰ ਇਰਾਨ ਨੂੰ ਤਬਾਹ ਕਰ ਦੇਣ ਦੀ ਜ਼ਹਿਰ ਮੁੜ ਉਗਲਣੀ ਸ਼ੁਰੂ ਕਰ ਦਿੱਤੀ ਹੈ। ਜਦਕਿ, ਅਮਰੀਕਾ-ਇਜ਼ਰਾਇਲ ਨੇ ਇਰਾਨ ਦੇ ਰਿਹਾਇਸ਼ੀ ਇਲਾਕਿਆਂ, ਹਸਪਤਾਲਾਂ, ਪਾਵਰ ਪਲਾਂਟਾਂ, ਜਲ-ਸੋਧਕ ਪਲਾਂਟਾਂ, ਫਰਮਾਸਿਊਟੀਕਲ ਫੈਕਟਰੀਆਂ, ਯੂਨੀਵਰਸਿਟੀਆਂ, ਸਕੂਲਾਂ, ਪੁਲਾਂ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਤਬਾਹ ਕਰਨ ਪੱਖੋਂ ਪਹਿਲਾਂ ਹੀ ਕੋਈ ਕਸਰ ਨਹੀਂ ਛੱਡੀ ਹੈ।

ਕਿਸੇ ਵੀ ਕਾਇਦੇ-ਕਾਨੂੰਨ ਨੂੰ ਨਾ ਮੰਨਣ ਵਾਲੇ ਟਰੰਪ ਨੇ ਆਪਣੀ ਲੰਮੀ ਪੋਸਟ ਵਿਚ ਇਰਾਨ ਉੱਪਰ 'ਕਿਤਾਬ ਵਿਚ ਲਿਖੇ ਹਰ ਕਾਨੂੰਨ' ਦੀ 'ਉਲੰਘਣਾ' ਕਰਨ ਦਾ ਦੋਸ਼ ਲਾਇਆ ਹੈ। ਉਸਨੇ ਜੋ ਲਿਖਿਆ ਉਸਦਾ ਨਿਚੋੜ ਇਹ ਹੈ: ਇਰਾਨੀ ਹੁਕਮਰਾਨ ਹੋਰਮੁਜ਼ ਸਮੁੰਦਰੀ ਮਾਰਗ ਖੋਲ੍ਹਣ ਦੇ ਆਪਣੇ ਵਾਅਦੇ ਨੂੰ 'ਜਾਣ-ਬੁੱਝ ਕੇ ਪੂਰਾ ਕਰਨ ਵਿਚ ਅਸਫ਼ਲ ਰਹੇ ਹਨ' ਜਿਸ ਨਾਲ ਦੁਨੀਆ ਭਰ ਦੇ ਬਹੁਤ ਸਾਰੇ ਮੁਲਕਾਂ ਨੂੰ 'ਚਿੰਤਾ' ਅਤੇ 'ਦੁੱਖ' ਹੋਇਆ ਹੈ। ਇਰਾਨ ਆਪਣੀਆਂ ਪ੍ਰਮਾਣੂ ਅਭਿਲਾਸ਼ਾਵਾਂ ਛੱਡਣ ਲਈ ਤਿਆਰ ਨਹੀਂ ਹੈ! ਸਹਿਮਤੀ ਦੇ ਨੁਕਤੇ ਤਾਂ ਹਨ, ਪਰ ਐਨੇ 'ਅਸਥਿਰ, ਜ਼ਿੱਦੀ ਅਤੇ ਸਮਝ ਨਾ ਆਉਣ ਵਾਲੇ ਲੋਕਾਂ' ਦੇ ਹੱਥਾਂ ਵਿਚ ਪ੍ਰਮਾਣੂ ਸ਼ਕਤੀ ਦੇਣ ਦੀ ਇਜਾਜ਼ਤ ਦੇਣ ਦੇ ਮੁਕਾਬਲੇ ਇਹ ਸਹਿਮਤੀ ਦੇ ਨੁਕਤੇ ਮਾਇਨੇ ਨਹੀਂ ਰੱਖਦੇ। ਹੁਣ ਸਾਡੀ ਸਮੁੰਦਰੀ ਫ਼ੌਜ ਤੁਰੰਤ ਹੋਰਮੁਜ਼ ਦੀ ਨਾਕਾਬੰਦੀ ਸ਼ੁਰੂ ਕਰ ਦੇਵੇਗੀ ਅਤੇ ਇਰਾਨ ਨੂੰ ਟੌਲ ਦੇਣ ਵਾਲੇ ਹਰ ਜਹਾਜ਼ ਨੂੰ ਰੋਕੇਗੀ। ਕਿਸੇ ਵੀ ਗ਼ੈਰ-ਕਾਨੂੰਨੀ ਟੌਲ ਦੇਣ ਵਾਲੇ ਨੂੰ ਸੁਰੱਖਿਅਤ ਲਾਂਘਾ ਨਹੀਂ ਮਿਲੇਗਾ। ਇਰਾਨ ਇਸ ਗ਼ੈਰਕਾਨੂੰਨੀ ਕੰਮ 'ਚੋਂ ਪੈਸਾ ਬਣਾਉਣਾ ਚਾਹੁੰਦਾ ਹੈ ਅਤੇ ਯੂਰੇਨੀਅਮ ਤੋਂ ਪ੍ਰਮਾਣੂ ਹਥਿਆਰ ਬਣਾਉਣ ਦਾ ਅਭਿਲਾਸ਼ੀ ਹੈ ਅਤੇ ਅਸੀਂ ਉਸ ਨੂੰ ਅਜਿਹਾ ਨਹੀਂ ਕਰਨ ਦਿਆਂਗੇ। (ਮੁੱਖ ਵਾਰਤਾਕਾਰ ਸਟੀਵ ਵਿਟਕੌਫ ਤਾਂ ਇਹ ਵੀ ਕਹਿੰਦਾ ਰਿਹਾ ਹੈ ਕਿ ਇਰਾਨ 'ਬੰਬ ਬਣਾਉਣ ਵਾਲੀ ਉਦਯੋਗਿਕ-ਗ੍ਰੇਡ ਸਮੱਗਰੀ ਤੋਂ ਸ਼ਾਇਦ ਇੱਕ ਹਫ਼ਤਾ ਦੂਰ ਹੀ ਹੈ')।

ਜੰਗਬੰਦੀ ਤੋਂ ਪਹਿਲਾਂ ਹੀ ਇਰਾਨ ਨੇ ਦਸ-ਨੁਕਾਤੀ ਸ਼ਾਂਤੀ ਯੋਜਨਾ ਪੇਸ਼ ਕਰਕੇ ਯੂਰੇਨੀਅਮ ਦੇ ਮੁੱਦੇ ਉੱਪਰ ਆਪਣਾ ਰੁਖ ਸਪਸ਼ਟ ਕਰ ਦਿੱਤਾ ਸੀ। ਟਰੰਪ ਤੇ ਨੇਤਨਯਾਹੂ ਉਹ ਦੁਸ਼ਟ ਹਨ, ਜਿਨ੍ਹਾਂ ਨੇ ਫਰਵਰੀ 'ਚ ਚੱਲ ਰਹੀ ਗੱਲਬਾਤ ਦੌਰਾਨ ਹੀ ਇਰਾਨ ਉੱਪਰ ਬਿਨਾਂ ਕਿਸੇ ਭੜਕਾਹਟ ਦੇ ਹਮਲਾ ਕਰਕੇ ਉਨ੍ਹਾਂ ਦੀ ਲੀਡਰਸ਼ਿੱਪ ਨੂੰ ਮਾਰ ਦਿੱਤਾ ਸੀ। ਅਮਰੀਕੀ ਹੁਕਮਰਾਨ ਜਮਾਤ ਦੇ ਵਿਸਾਹਘਾਤ ਅਤੇ ਮਕਾਰੀ ਦੇ ਇਤਿਹਾਸ ਦੇ ਮੱਦੇਨਜ਼ਰ ਟਰੰਪ ਦੇ ਉਪਰੋਕਤ ਮਹਾਂ-ਝੂਠ ਦੇ ਪਿੱਛੇ ਕੰਮ ਕਰਦੀ ਬਦਨੀਅਤ ਨੂੰ ਸਮਝਣਾ ਮੁਸ਼ਕਲ ਨਹੀਂ ਹੈ। ਅਮਰੀਕੀ ਸਾਮਰਾਜੀਏ ਇਰਾਨ ਨੂੰ 'ਮੁੜ ਪੱਥਰ ਯੁਗ ਵਿਚ ਪਹੁੰਚਾ ਦੇਣ' ਦੀ ਧਮਕੀ ਦੇ ਕੇ ਉਨ੍ਹਾਂ ਦਾ ਚਾਰ ਕਵਿੰਟਲ ਸੋਧਿਆ ਹੋਇਆ ਯੂਰੇਨੀਅਮ ਹਥਿਆਉਣਾ ਅਤੇ ਸ਼ਾਂਤਮਈ ਮੰਤਵਾਂ ਲਈ ਪ੍ਰਮਾਣੂ ਖੋਜ ਦੇ ਹੱਕ ਤੋਂ ਵਾਂਝੇ ਕਰਨਾ ਚਾਹੁੰਦੇ ਹਨ। ਇਰਾਨ ਯੂਰੇਨੀਅਮ ਦੀ ਸ਼ਾਂਤਮਈ ਵਰਤੋਂ ਦਾ ਆਪਣਾ ਖ਼ੁਦਮੁਖਤਿਆਰ ਹੱਕ ਉਨ੍ਹਾਂ ਦੇ ਹਵਾਲੇ ਕਰਨ ਤੋਂ ਇਨਕਾਰੀ ਹੈ। ਇਹ ਹਕੀਕਤ ਸਭ ਨੂੰ ਪਤਾ ਹੈ ਕਿ ਇਰਾਨ ਪ੍ਰਮਾਣੂ ਅਪ੍ਰਸਾਰ ਸੰਧੀ ਦਾ ਹਿੱਸਾ ਹੈ ਅਤੇ ਉਸਦਾ ਪ੍ਰਮਾਣੂ ਹਥਿਆਰ ਬਣਾਉਣ ਦਾ ਕੋਈ ਪ੍ਰੋਗਰਾਮ ਨਹੀਂ ਹੈ। ਮਾਹਰਾਂ ਦਾ ਕਹਿਣਾ ਹੈ ਕਿ ਜੇਕਰ ਇਰਾਨ ਕੋਲ ਪ੍ਰਮਾਣੂ ਹਥਿਆਰ ਹੋਣ, ਫਿਰ ਵੀ ਉਹ ਅਮਰੀਕਾ ਲਈ ਖ਼ਤਰਾ ਨਹੀਂ ਬਣਦਾ। ਇਸਦੇ ਬਾਵਜੂਦ ਉਸ ਉੱਪਰ ਅਮਰੀਕਾ ਨੇ ਆਰਥਕ ਪਾਬੰਦੀਆਂ ਲਗਾ ਰੱਖੀਆਂ ਹਨ ਕਿਉਂਕਿ ਪ੍ਰਮਾਣੂ ਖ਼ਤਰੇ ਦੇ ਬਹਾਨੇ ਅਮਰੀਕੀ ਸਾਮਰਾਜੀਆਂ ਦੇ ਗੁਪਤ ਏਜੰਡੇ ਹੋਰ ਹਨ ਅਤੇ ਪ੍ਰਮਾਣੂ ਹਥਿਆਰਾਂ ਬਾਰੇ ਉਨ੍ਹਾਂ ਦੇ ਦੋਹਰੇ ਮਿਆਰ ਵੀ ਜੱਗ ਜ਼ਾਹਰ ਹਨ। ਇਜ਼ਰਾਇਲ ਇਸ ਖਿੱਤੇ ਦਾ ਇੱਕੋ-ਇਕ ਸਟੇਟ ਹੈ ਜੋ ਪ੍ਰਮਾਣੂ ਅਪ੍ਰਸਾਰ ਸੰਧੀ ਦਾ ਹਿੱਸਾ ਨਹੀਂ ਹੈ। ਅਮਰੀਕਾ ਸਮੇਤ ਪੱਛਮੀ ਸਾਮਰਾਜੀਆਂ ਨੇ ਇਜ਼ਰਾਇਲ ਨੂੰ ਆਪਣੇ ਹਿਤ ਲਈ ਧੜਵੈਲ ਜੰਗੀ ਤੇ ਪ੍ਰਮਾਣੂ ਤਾਕਤ ਵਜੋਂ ਪਾਲਿਆ ਹੋਇਆ ਹੈ।

ਇਰਾਨ ਸ਼ੁਰੂ ਤੋਂ ਹੀ ਯੂਰੇਨੀਅਮ ਦੇ ਮਸਲੇ ਨੂੰ ਹੱਲ ਕਰਨ ਦੀ ਗੰਭੀਰਤਾ ਦਿਖਾਉਂਦਾ ਰਿਹਾ ਹੈ। ਸਚਾਈ ਇਹ ਹੈ ਕਿ ਯੂਰੇਨੀਅਮ ਨੂੰ 90% ਸੋਧ ਕੇ ਹੀ ਪ੍ਰਮਾਣੂ ਹਥਿਆਰ ਬਣਾਉਣ ਲਈ ਵਰਤਿਆ ਜਾ ਸਕਦਾ ਹੈ। ਜੈਨੇਵਾ ਵਿਚ ਗੱਲਬਾਤ ਸਮੇਂ ਇਰਾਨ ਸਰਕਾਰ ਨੇ ਸਪਸ਼ਟ ਕਿਹਾ ਸੀ ਕਿ ਉਹ ਯੂਰੇਨੀਅਮ ਸੋਧਣ ਦੇ ਆਪਣੇ ਮਿਆਰ ਨੂੰ 60% ਤੋਂ 20% 'ਤੇ ਲਿਆਉਣ ਲਈ ਤਿਆਰ ਹੈ। ਅੜਿੱਕਾ ਇਹ ਹੈ ਕਿ ਅਮਰੀਕੀ-ਇਜ਼ਰਾਇਲੀ ਜੰਗਬਾਜ਼ ਨਹੀਂ ਚਾਹੁੰਦੇ ਕਿ ਉਨ੍ਹਾਂ ਤੋਂ ਆਕੀ ਇਰਾਨ ਕੋਲ ਯੂਰੇਨੀਅਮ ਰੱਖਣ ਦਾ ਹੱਕ ਹੋਵੇ। ਜੇਕਰ ਅਮਰੀਕੀ ਤੇ ਹੋਰ ਸਾਮਰਾਜੀਏ ਐਨੀ ਹੀ ਅਮਨ-ਪ੍ਰੇਮੀ ਹਨ ਤਾਂ ਉਹ ਆਪਣੇ ਪ੍ਰਮਾਣੂ ਹਥਿਆਰਾਂ ਦੇ ਅੰਬਾਰ ਖ਼ਤਮ ਕਿਉਂ ਨਹੀਂ ਕਰ ਦਿੰਦੇ? ਜੇਕਰ ਉਨ੍ਹਾਂ ਦੇ ਪ੍ਰਮਾਣੂ ਹਥਿਆਰ ਜਾਇਜ਼ ਹਨ ਤਾਂ ਹੋਰ ਮੁਲਕਾਂ ਨੂੰ ਵੀ ਪ੍ਰਮਾਣੂ ਸਮਰੱਥਾ ਵਿਕਸਤ ਕਰਨ ਦਾ ਹੱਕ ਹੈ। ਪੁਆੜੇ ਦੀ ਜੜ੍ਹ ਅਮਰੀਕਾ ਦੀ ਪ੍ਰਮਾਣੂ ਅਜਾਰੇਦਾਰੀ ਹੈ।

ਜੂਨ 2025 ਦੇ ਅਮਰੀਕੀ-ਇਜ਼ਰਾਈਲੀ ਹਮਲੇ ਤੋਂ ਬਾਅਦ, ਹੁਣ ਤਾਂ ਇਰਾਨ ਦਾ ਨਾਗਰਿਕ ਪ੍ਰਮਾਣੂ ਊਰਜਾ ਪ੍ਰੋਗਰਾਮ ਵੀ ਬੁਰੀ ਤਰ੍ਹਾਂ ਤਹਿਸ-ਨਹਿਸ ਹੋ ਚੁੱਕਾ ਹੈ। ਫਿਰ ਵੀ, ਪ੍ਰਮਾਣੂ ਊਰਜਾ ਪ੍ਰੋਗਰਾਮ ਦੇ ਬਹਾਨੇ ਅਮਰੀਕਾ ਨੇ ਇਰਾਨ ਦੀ ਆਰਥਿਕਤਾ ਨੂੰ ਸੱਟ ਮਾਰਨ ਲਈ ਮਨਮਾਨੀਆਂ ਪਾਬੰਦੀਆਂ ਬਰਕਰਾਰ ਰੱਖੀਆਂ ਹੋਈਆਂ ਹਨ। ਉਸਦੇ ਕੌਮਾਂਤਰੀ ਅਸਾਸੇ ਜਾਮ ਕੀਤੇ ਹੋਏ ਹਨ। ਵਪਾਰਕ ਸੰਕਟ ਕਾਰਨ ਇਰਾਨ ਦੀਆਂ ਵਿਕਾਸ ਯੋਜਨਾਵਾਂ ਪੂਰੀ ਤਰ੍ਹਾਂ ਠੱਪ ਹਨ। ਪਾਬੰਦੀਆਂ ਹਟਣ ਤੋਂ ਬਾਅਦ ਹੀ ਇਰਾਨ ਦਾ ਹੋਰ ਮੁਲਕਾਂ ਨਾਲ ਆਰਥਕ ਲੈਣ-ਦੇਣ ਸਹਿਜ ਹੋ ਸਕੇਗਾ। ਆਰਥਕ ਪਾਬੰਦੀਆਂ ਸਾਮਰਾਜੀ ਦਬਦਬੇ ਦਾ ਹੀ ਇਕ ਰੂਪ ਹੈ ਅਤੇ ਇਨ੍ਹਾਂ ਪਾਬੰਦੀਆਂ ਦੇ ਸਿਹਤ ਖੇਤਰ ਅਤੇ ਆਰਥਿਕਤਾ ਦੇ ਸਾਰੇ ਖੇਤਰਾਂ ਉੱਪਰ ਤਬਾਹਕੁਨ ਅਸਰਾਂ ਕਾਰਨ ਇਰਾਨ ਨੇ ਬੇਥਾਹ ਨੁਕਸਾਨ ਝੱਲਿਆ ਹੈ। ਇਸੇ ਲਈ ਇਰਾਨ ਜ਼ੋਰਦਾਰ ਮੰਗ ਕਰ ਰਿਹਾ ਹੈ ਕਿ ਬਦੇਸ਼ਾਂ ਵਿਚ ਜਾਮ ਕੀਤੇ (ਡਕੈਤਾਂ ਵਾਂਗ ਹਥਿਆਏ) ਉਨ੍ਹਾਂ ਦੇ 27 ਅਰਬ ਡਾਲਰ ਅਸਾਸੇ ਰਿਲੀਜ਼ ਕੀਤੇ ਜਾਣ ਤਾਂ ਜੋ ਉਹ ਤਬਾਹ ਹੋਏ ਬੁਨਿਆਦੀ ਢਾਂਚੇ ਦੀ ਮੁੜ ਉਸਾਰੀ ਕਰ ਸਕੇ।

ਜਦੋਂ ਇਰਾਨ ਦਾ ਪ੍ਰਮਾਣੂ ਹਥਿਆਰਾਂ ਦਾ ਪ੍ਰੋਗਰਾਮ ਹੀ ਨਹੀਂ ਹੈ ਤਾਂ ਪਾਬੰਦੀਆਂ ਦੀ ਕੋਈ ਵਾਜਬੀਅਤ ਹੀ ਨਹੀਂ ਹੈ। ਇਹ ਮੰਗ ਪੂਰੀ ਦੁਨੀਆ ਦੇ ਨਿਆਂਪਸੰਦਾਂ ਨੂੰ ਕਰਨੀ ਚਾਹੀਦੀ ਹੈ ਕਿ ਅੰਤਰਰਾਸ਼ਟਰੀ ਪ੍ਰਮਾਣੂ ਊਰਜਾ ਏਜੰਸੀ (ਆਈ.ਏ.ਈ.ਏ.) ਨੇ ਅਮਰੀਕਾ ਦੇ ਦਬਾਅ ਹੇਠ ਇਰਾਨ ਵਿਰੁੱਧ ਜੋ ਮਤੇ ਪਾਸ ਕੀਤੇ ਹੋਏ ਹਨ ਉਨ੍ਹਾਂ ਦਾ ਪੁਨਰ-ਮੁਲੰਕਣ ਕਰੇ। ਇਰਾਨ ਨੂੰ ਆਪਣੀਆਂ ਊਰਜਾ ਅਤੇ ਮੈਡੀਕਲ ਲੋੜਾਂ ਲਈ ਯੂਰੇਨੀਅਮ ਨੂੰ ਸੋਧਣ ਦਾ ਹੱਕ ਹੈ ਅਤੇ ਆਈ.ਏ.ਈ.ਏ. ਨੂੰ ਉਸ ਦੇ ਹੱਕ ਦੀ ਪੁਸ਼ਟੀ ਕਰਨੀ ਚਾਹੀਦੀ ਹੈ। ਇਸ ਲਈ ਇਰਾਨ ਦੀ ਇਹ ਮੰਗ ਵਾਜਬ ਹੈ ਕਿ ਉਨ੍ਹਾਂ ਦੇ ਯੂਰੇਨੀਅਮ ਸੋਧ ਦੇ ਹੱਕ ਨੂੰ ਮਾਨਤਾ ਦਿੱਤੀ ਜਾਵੇ, ਸਾਰੀਆਂ ਮੂਲ ਅਤੇ ਦੋਇਮ ਦਰਜੇ ਦੀਆਂ ਪਾਬੰਦੀਆਂ ਹਟਾਈਆਂ ਜਾਣ, ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੇ ਸਾਰੇ ਮਤੇ ਰੱਦ ਕੀਤੇ ਜਾਣ, ਅਤੇ ਆਈ.ਏ.ਈ.ਏ. ਬੋਰਡ ਆਫ਼ ਗਵਰਨਰਜ਼ ਦੇ ਸਾਰੇ ਮਤੇ ਰੱਦ ਕੀਤੇ ਜਾਣ।

ਇਰਾਨ ਦੀ ਸ਼ਾਂਤੀ ਤਜਵੀਜ਼ ਅਸਥਾਈ ਰੋਕ ਤੋਂ ਕਾਫ਼ੀ ਅੱਗੇ ਦੀ ਗੱਲ ਕਰਦੀ ਹੈ। ਇਰਾਨ ਦੀ ਯੋਜਨਾ ਅਸਲ ਵਿਚ ਪੱਛਮੀ ਏਸ਼ੀਆ ਵਿਚ ਮੁਕੰਮਲ ਸ਼ਾਂਤੀ ਪੱਖੋਂ ਮਹੱਤਵਪੂਰਨ ਹੈ ਕਿਉਂਕਿ ਇਹ ਅਗਲੀ ਜੰਗ ਨੂੰ ਟਾਲਣ ਤੋਂ ਅੱਗੇ ਵਧ ਕੇ ਸਥਾਈ ਸ਼ਾਂਤੀ ਦੀ ਨੀਂਹ ਰੱਖਣਾ ਚਾਹੁੰਦੀ ਹੈ। ਪਹਿਲਾਂ ਤਾਂ ਟਰੰਪ ਨੇ ਇਸਨੂੰ 'ਗੱਲਬਾਤ ਲਈ ਵਿਹਾਰਕ ਆਧਾਰ' ਕਿਹਾ, ਫਿਰ ਕੁਝ ਘੰਟਿਆਂ 'ਚ ਹੀ ਇਸਨੂੰ 'ਕੂੜੇਦਾਨ ਵਿਚ ਸੁੱਟਣਯੋਗ' ਕਹਿ ਦਿੱਤਾ।

ਇਰਾਨ ਦੀ ਮੰਗ ਹੈ ਕਿ ਅਮਰੀਕਾ ਅਸੂਲੀ ਤੌਰ 'ਤੇ ਹਮਲਾ ਨਾ ਕਰਨ ਦਾ ਵਚਨ ਦੇਵੇ, ਪੂਰੇ ਪੱਛਮੀ ਏਸ਼ੀਆ ਤੋਂ ਆਪਣੀ ਫ਼ੌਜ ਹਟਾਵੇ ਅਤੇ ਲਿਬਨਾਨ ਸਮੇਤ ਸਾਰੇ ਮੁਹਾਜ਼ਾਂ 'ਤੇ ਜੰਗ ਬੰਦ ਕਰੇ। ਪੱਛਮੀ ਏਸ਼ੀਆ ਵਿਚ ਅਮਰੀਕਾ ਦੇ ਘੱਟੋ-ਘੱਟ ਵੀਹ ਫ਼ੌਜੀ ਅੱਡੇ ਹਨ। ਇਰਾਨ ਵਿਚ ਤਖ਼ਤਾ ਪਲਟ (1953), ਲਿਬਨਾਨ ਵਿਚ ਦਖ਼ਲਅੰਦਾਜ਼ੀ (1958), ਇਰਾਕ ਵਿਰੁੱਧ ਪੂਰੀ ਤਰ੍ਹਾਂ ਨਹੱਕ ਜੰਗ (2003), ਅਤੇ ਇਰਾਨ ਵਿਰੁੱਧ ਜੰਗ (2025-26), ਅਮਰੀਕੀ ਜੰਗਬਾਜ਼ੀ ਦੇ ਕਾਲੇ ਇਤਿਹਾਸ ਦੀਆਂ ਮੁੱਖ ਮਿਸਾਲਾਂ ਹਨ। ਫ਼ਲਸਤੀਨ 'ਤੇ ਇਜ਼ਰਾਇਲੀ ਕਬਜ਼ੇ ਅਤੇ ਲਿਬਨਾਨ ਉੱਪਰ ਇਜ਼ਰਾਇਲ ਵੱਲੋਂ 1978 ਤੋਂ ਲੈ ਕੇ ਥੋਪੀ ਜੰਗ ਪਿੱਛੇ ਵੀ ਅਮਰੀਕਾ ਦਾ ਹੱਥ ਕਿਸੇ ਤੋਂ ਗੁੱਝਾ ਨਹੀਂ ਹੈ। ਅਮਰੀਕਾ ਵੱਲੋਂ ਦਹਾਕਿਆਂ ਤੋਂ ਪੱਛਮੀ ਏਸ਼ੀਆ ਵਿਚ ਅਖ਼ਤਿਆਰ ਕੀਤੀ ਹਮਲਾਵਰ ਨੀਤੀ ਦੇ ਮੱਦੇਨਜ਼ਰ ਇਰਾਨ ਦੀ ਚਿੰਤਾ ਤੇ ਮੰਗ ਪੂਰੀ ਤਰ੍ਹਾਂ ਜਾਇਜ਼ ਹੈ। ਪਾਕਿਸਤਾਨ ਨੇ ਪੁਸ਼ਟੀ ਕੀਤੀ ਹੈ ਕਿ ਜੰਗਬੰਦੀ ਵਿਚ ਲਿਬਨਾਨ ਸ਼ਾਮਲ ਸੀ ਪਰ ਟਰੰਪ ਨੇ ਨੇਤਨਯਾਹੂ ਨੂੰ ਲਿਬਨਾਨ ਵਿਚ ਤਬਾਹੀ ਮਚਾਉਣ ਦੀ ਖੁੱਲ੍ਹ ਦਿੱਤੀ ਹੋਈ ਹੈ। ਜੇਕਰ ਖਾੜੀ ਮੁਲਕ ਅਮਰੀਕਾ ਦੇ ਪਿੱਠੂ ਬਣਨਾ ਬੰਦ ਕਰਨ ਅਤੇ ਸੰਯੁਕਤ ਰਾਸ਼ਟਰ ਇਰਾਨ ਵਿਰੁੱਧ ਹਮਲਾ ਨਾ ਹੋਣ ਦੀ ਜ਼ਾਮਨੀ ਦੇਵੇ ਤਾਂ ਖਿੱਤੇ ਵਿਚ ਸੰਯੁਕਤ ਰਾਸ਼ਟਰ ਅਤੇ ਖਾੜੀ ਸਹਿਯੋਗ ਪਰਿਸ਼ਦ (ਜੀ.ਸੀ.ਸੀ.) ਰਾਹੀਂ ਮੁਕੰਮਲ ਜੰਗਬੰਦੀ ਕਰਕੇ ਸਥਾਈ ਸ਼ਾਂਤੀ ਦਾ ਰਾਹ ਪੱਧਰਾ ਕੀਤਾ ਜਾ ਸਕਦਾ ਹੈ। ਅਮਰੀਕਾ ਦੇ ਨੇੜਲੇ ਸਹਿਯੋਗੀ ਸਾਊਦੀ ਅਰਬ ਨੇ 2003 'ਚ ਹੀ ਆਪਣੀ ਸਰਜ਼ਮੀਨ ਤੋਂ ਆਖ਼ਰੀ ਅਮਰੀਕੀ ਅੱਡਾ ਹਟਾ ਦਿੱਤਾ ਸੀ। ਸਾਊਦੀ ਸਰਕਾਰ ਨੇ ਇਰਾਨ ਦੇ ਨਾਲ ਸ਼ਾਂਤੀ ਦੀ ਇੱਛਾ ਦਿਖਾਈ ਹੈ। ਜੂਨ 2025 ਵਿਚ ਵੀ ਸਾਊਦੀ ਅਰਬ ਨੇ ਇਰਾਨ 'ਤੇ ਅਮਰੀਕਾ-ਇਜ਼ਰਾਈਲ ਦੀ ਬੰਬਾਰੀ ਦੀ ਨਿੰਦਾ ਕੀਤੀ ਸੀ ਅਤੇ ਇਹ ਵੀ ਕਿਹਾ ਹੈ ਕਿ ਉਸਨੇ ਅਮਰੀਕਾ ਨੂੰ ਆਪਣੇ ਹਵਾਈ ਖੇਤਰ ਦੀ ਵਰਤੋਂ ਦੀ ਇਜਾਜ਼ਤ ਨਹੀਂ ਦਿੱਤੀ। ਹੁਣ ਉਨ੍ਹਾਂ ਦਾ ਪਾਕਿਸਤਾਨ ਤੋਂ ਫ਼ੌਜੀ ਮੱਦਦ ਲੈਣਾ ਅਮਰੀਕਾ ਉੱਪਰ ਸੁਰੱਖਿਆ ਨਿਰਭਰਤਾ ਘਟਾਉਣ ਦਾ ਸੰਕੇਤ ਹੈ। ਜੇਕਰ ਖਾੜੀ ਦਾ ਸਭ ਤੋਂ ਮਹੱਤਵਪੂਰਨ ਰਾਜ ਆਪਣੀ ਇਸ ਪੁਜੀਸ਼ਨ 'ਤੇ ਕਾਇਮ ਰਹੇ, ਜੇਕਰ ਜੀ.ਸੀ.ਸੀ. ਬਦੇਸ਼ੀ ਫ਼ੌਜੀ ਅੱਡਿਆਂ ਨੂੰ ਹਟਾਉਣ ਦਾ ਮਤਾ ਪਾਸ ਕਰੇ ਅਤੇ ਇਜ਼ਰਾਈਲੀ ਫ਼ੌਜ ਨੂੰ ਸੁਰੱਖਿਅਤ ਹੱਦ ਤੱਕ ਪਿੱਛੇ ਹਟਾਉਣ ਲਈ ਦਬਾਅ ਪਾਵੇ ਤਾਂ ਇਸ ਖਿੱਤੇ ਵਿਚ ਸਥਾਈ ਸ਼ਾਂਤੀ ਸੰਭਵ ਹੈ।

ਇਰਾਨ ਨੇ ਅਮਰੀਕੀ-ਇਜ਼ਰਾਇਲੀ ਹਮਲਿਆਂ ਦੁਆਰਾ ਇਰਾਨ ਦੇ ਕੀਤੇ ਗਏ ਨੁਕਸਾਨ ਦੇ ਮੁਆਵਜ਼ੇ ਦੀ ਮੰਗ ਕੀਤੀ ਹੈ। ਇਰਾਕ ਨੂੰ 1990 'ਚ ਕੁਵੈਤ ਉੱਪਰ ਕੀਤੇ ਹਮਲੇ ਬਦਲੇ ਮੁਆਵਜ਼ਾ ਦੇਣਾ ਪਿਆ ਸੀ। ਉਸ ਹਮਲੇ ਤੋਂ ਬਾਅਦ ਸੰਯੁਕਤ ਰਾਸ਼ਟਰ ਨੇ ਯੂ.ਐਨ. ਮੁਆਵਜ਼ਾ ਕਮਿਸ਼ਨ ਬਣਾਇਆ ਜਿਸਨੇ 52.4 ਅਰਬ ਡਾਲਰ ਨੁਕਸਾਨ ਦੇ ਦਾਅਵਿਆਂ ਦੀ ਨਜ਼ਰਸਾਨੀ ਕੀਤੀ। ਇਸ ਮੁਤਾਬਿਕ ਇਰਾਨ ਦਾ ਇਹ ਮੰਗ ਕਰਨਾ ਬਿਲਕੁਲ ਵਾਜਬ ਹੈ ਕਿ ਅਮਰੀਕਾ ਇਰਾਨ ਦਾ ਨੁਕਸਾਨ ਪੂਰਾ ਕਰੇ ਜੋ ਇਰਾਕ ਅਤੇ ਇਰਾਨ ਵਿਰੁੱਧ ਦੋ ਨਜਾਇਜ਼ ਜੰਗਾਂ ਥੋਪਣ ਦਾ ਮੁਜਰਿਮ ਹੈ। ਕੁਵੈਤ ਦੀ ਮਿਸਾਲ ਇਰਾਨ ਲਈ ਵੀ ਯੂ.ਐਨ. ਕਮਿਸ਼ਨ ਬਣਾਉਣ ਦਾ ਆਧਾਰ ਬਣ ਸਕਦੀ ਹੈ, ਇਹ ਵੱਖਰੀ ਗੱਲ ਹੈ ਕਿ ਅਮਰੀਕਾ ਸੁਰੱਖਿਆ ਪਰਿਸ਼ਦ ਵਿਚ ਅਜਿਹੇ ਕਿਸੇ ਵੀ ਮਤੇ ਨੂੰ ਵੀਟੋ ਤਾਕਤ ਨਾਲ ਰੋਕੇਗਾ।

ਇਰਾਨ ਦਾ ਹੋਰਮੁਜ਼ ਸਮੁੰਦਰੀ ਮਾਰਗ ਉੱਪਰ ਆਪਣਾ ਮੌਜੂਦਾ ਕੰਟਰੋਲ ਬਰਕਰਾਰ ਰੱਖਣ ਅਤੇ ਆਪਣੇ ਸਮੁੰਦਰੀ ਖੇਤਰ ਵਿਚੋਂ ਲੰਘਣ ਵਾਲੇ ਤੇਲ ਟੈਂਕਰਾਂ ਤੋਂ ਟੌਲ ਲੈਣ ਲਈ ਅੜਨਾ ਵੀ ਗ਼ੌਰਤਲਬ ਹੈ। ਸਮੁੰਦਰਾਂ ਦੇ ਕਾਨੂੰਨ ਸੰਬੰਧੀ ਸੰਯੁਕਤ ਰਾਸ਼ਟਰ ਸੰਧੀ (1982) ਦਾ ਇਕ ਨਿਯਮ ਇਹ ਇਜਾਜ਼ਤ ਦਿੰਦਾ ਹੈ ਕਿ ਜੇਕਰ ਉਨ੍ਹਾਂ ਵਿਚੋਂ ਲੰਘਣ ਲਈ ਜ਼ਰੂਰਤ ਹੋਵੇ ਤਾਂ ਮੁਲਕਾਂ ਦੇ ਅਖਤਿਆਰ ਹੇਠ ਆਉਂਦੇ ਪਾਣੀਆਂ ਨੂੰ ਖੁੱਲ੍ਹੇ ਸਮੁੰਦਰ ਵਾਂਗ ਮੰਨਿਆ ਜਾ ਸਕਦਾ ਹੈ। ਹਾਲਾਂਕਿ ਅਮਰੀਕਾ ਨੇ ਇਸ ਸੰਧੀ ਦੀ ਪੁਸ਼ਟੀ ਨਹੀਂ ਕੀਤੀ ਹੈ, ਅਤੇ ਇਰਾਨ ਨੇ ਹਮੇਸ਼ਾ ਇਸ ਨਿਯਮ 'ਤੇ ਇਤਰਾਜ਼ ਕੀਤਾ ਹੈ। ਇਰਾਨ ਨੇ ਦਹਾਕਿਆਂ ਤੋਂ ਹੋਰਮੁਜ਼ ਨੂੰ ਟੈਕਸ-ਮੁਕਤ ਰੱਖਿਆ ਹੋਇਆ ਹੈ, ਹੁਣ ਉਸਨੇ ਟੌਲ ਵਸੂਲਣ ਦਾ ਐਲਾਨ ਕਰ ਦਿੱਤਾ ਹੈ ਜਿਸਨੂੰ ਟਰੰਪ 'ਫਿਰੌਤੀ ਵਸੂਲਣਾ; ਅਤੇ ਜੇ.ਡੀ. ਵੇਂਸ 'ਆਰਥਕ ਦਹਿਸ਼ਤਵਾਦ' ਕਹਿ ਰਿਹਾ ਹੈ।

ਇਰਾਨ ਦੀ ਦਸ-ਨੁਕਾਤੀ ਸ਼ਾਂਤੀ ਤਜਵੀਜ਼ ਟਰੰਪ ਤੇ ਉਸਦੇ ਜੋਟੀਦਾਰ ਨੇਤਨਯਾਹੂ ਨੂੰ ਮਨਜ਼ੂਰ ਨਹੀਂ ਹੈ। ਅਮਰੀਕਾ-ਇਰਾਨ ਦਰਮਿਆਨ ਆਰਜ਼ੀ ਜੰਗਬੰਦੀ ਹੁੰਦੇ ਸਾਰ ਨੇਤਨਯਾਹੂ ਨੇ ਲਿਬਨਾਨ ਉੱਪਰ ਹਮਲਾ ਕਰਕੇ ਅਤੇ ਉੱਥੇ ਵਿਆਪਕ ਪੱਧਰ 'ਤੇ ਤਬਾਹੀ ਮਚਾ ਕੇ ਅਤੇ ਹਮਲੇ ਜਾਰੀ ਰੱਖ ਕੇ ਆਪਣੇ ਦੁਸ਼ਟ ਇਰਾਦੇ ਸਪਸ਼ਟ ਕਰ ਦਿੱਤੇ ਹਨ ਕਿ ਉਹ ਜੰਗ ਬੰਦ ਨਹੀਂ ਕਰੇਗਾ ਅਤੇ ਅਮਰੀਕਾ ਉਸਨੂੰ ਰੋਕੇਗਾ ਨਹੀਂ। ਕਿਸੇ ਵੀ ਕੀਮਤ 'ਤੇ ਹਮਲੇ ਜਾਰੀ ਰੱਖਣ ਪਿੱਛੇ ਇਜ਼ਰਾਇਲੀ ਪਸਾਰਵਾਦੀ ਹਿਤਾਂ ਦੇ ਨਾਲ-ਨਾਲ ਨੇਤਨਯਾਹੂ ਦਾ ਨਿੱਜੀ ਹਿਤ ਵੀ ਹੈ। ਉਹ ਅਜਿਹਾ ਕਰਕੇ ਇਜ਼ਰਾਇਲ ਦੇ ਲੋਕਾਂ ਦਾ ਧਿਆਨ ਆਪਣੇ ਵਿਆਪਕ ਭ੍ਰਿਸ਼ਟਾਚਾਰ ਤੋਂ ਹਟਾਈ ਰੱਖਣਾ ਚਾਹੁੰਦਾ ਹੈ।

ਹੋਰਮੁਜ਼ ਮਾਰਗ ਬੰਦ ਹੋਣ ਕਰਕੇ ਤੇਲ ਦਾ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਅਤੇ ਉਸਦੇ ਨਾਟੋ ਸੰਗੀਆਂ ਤੇ ਖਾੜੀ ਮੁਲਕਾਂ ਵੱਲੋਂ ਉਸਦੇ ਨਾਲ ਨਾ ਖੜ੍ਹਨ ਕਰਕੇ 'ਨਿਜ਼ਾਮ ਬਦਲਣ' ਤੁਰੇ ਟਰੰਪ ਦਾ ਪੱਛਮੀ ਏਸ਼ੀਆ ਉੱਪਰ ਚੁਣੌਤੀ ਰਹਿਤ ਕਬਜ਼ੇ ਦਾ ਮਿਸ਼ਨ ਲਟਕ ਗਿਆ ਹੈ। ਕਰੋੜਾਂ ਇਰਾਨੀ ਲੋਕਾਂ ਨੇ ਆਪਣੀ ਸਰਕਾਰ ਦੇ ਸੱਦੇ 'ਤੇ ਪਾਵਰ ਪਲਾਂਟਾਂ, ਪੁਲਾਂ ਆਦਿ ਦੀ ਰਾਖੀ ਲਈ

*(ਬਾਕੀ ਸਫਾ 15 'ਤੇ)*

ਪੰਜਾਬ ਟਾਈਮਜ਼

*18 ਅਪਰੈਲ, ਸ਼ਨਿਚਰਵਾਰ*

# ਕੀ ਬਣੂੰ ਦੁਨੀਆ ਦਾ...?

ਅਮਰੀਕਾ ਅਤੇ ਈਰਾਨ ਵਿਚਾਲੇ ਕੋਈ ਸਮਝੌਤਾ ਨਹੀਂ ਹੋ ਸਕਿਆ ਅਤੇ ਇਸਲਾਮਾਬਾਦ 'ਚ ਗੱਲਬਾਤ ਬਿਨਾਂ ਕਿਸੇ ਸਮਝੌਤੇ ਦੇ ਖ਼ਤਮ ਹੋ ਗਈ। ਅਮਰੀਕਾ ਦੇ ਉਪ ਰਾਸ਼ਟਰਪਤੀ ਵੈਂਸ ਇਹ ਆਖਦਿਆਂ ਵਾਪਸ ਪਹੁੰਚ ਗਏ ਕਿ ਉਨ੍ਹਾਂ ਨੇ 'ਅੰਤਿਮ ਤੌਰ 'ਤੇ ਸਭ ਤੋਂ ਵਧੀਆ ਪੇਸ਼ਕਸ਼' ਕੀਤੀ ਸੀ ਪਰ ਈਰਾਨ ਨੇ ਪ੍ਰਵਾਨ ਨਹੀਂ ਕੀਤੀ।

ਦੂਜੇ ਪਾਸੇ ਈਰਾਨ ਨੂੰ ਪਹਿਲਾਂ ਹੀ ਗੱਲਬਾਤ ਦੀ ਸਫਲਤਾ ਬਾਰੇ ਸ਼ੱਕ ਸੀ, ਕਿਉਂਕਿ ਦੋ ਵਾਰ ਪਹਿਲਾਂ ਵੀ ਬਿਲਕੁਲ ਸਹੀ ਦਿਸ਼ਾ ਵਿਚ ਸਮਝੌਤੇ ਕੰਢੇ ਪਹੁੰਚਣ ਵਾਲੀ ਗੱਲਬਾਤ ਟੁੱਟ ਚੁੱਕੀ ਸੀ। ਜਦੋਂ ਜਨੇਵਾ 'ਚ ਗੱਲਬਾਤ ਹੋਈ ਸੀ ਤਾਂ ਇਸ 'ਚ ਸ਼ਾਮਿਲ ਬਰਤਾਨੀਆ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੋਨਾਥਨ ਪਾਵੇਲ ਹੈਰਾਨ ਸਨ ਕਿ ਤਹਿਰਾਨ ਵਲੋਂ ਆਪਣੇ ਪ੍ਰਮਾਣੂ ਪ੍ਰੋਗਰਾਮ ਬਾਰੇ ਵਾਸ਼ਿੰਗਟਨ ਦੀਆਂ ਸਭ ਗੱਲਾਂ ਮੰਨ ਲਈਆਂ ਗਈਆਂ ਸਨ ਅਤੇ ਵਿਆਨਾ ਵਿਚ ਤਕਨੀਕੀ ਗੱਲਬਾਤ ਲਈ ਇਕ ਤਾਰੀਖ 'ਤੇ ਵੀ ਸਹਿਮਤੀ ਬਣ ਗਈ ਸੀ। ਫਿਰ ਵੀ ਅਮਰੀਕਾ ਤੇ ਇਜ਼ਰਾਈਲ ਨੇ ਈਰਾਨ 'ਤੇ ਯੁੱਧ ਥੋਪਦਿਆਂ ਮੀਨਾਬ ਵਿਚ ਹਮਲਾ ਕਰਕੇ 168 ਸਕੂਲੀ ਵਿਦਿਆਰਥਣਾਂ ਨੂੰ ਮਾਰ ਦਿੱਤਾ ਸੀ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਭਾਰੀ ਤਬਾਹੀ ਅਤੇ ਆਪਣੀ ਉੱਚ ਲੀਡਰਸ਼ਿਪ ਗੁਆਉਣ ਦੇ ਬਾਵਜੂਦ ਤਹਿਰਾਨ ਅੱਜ ਵੀ ਵਾਸ਼ਿੰਗਟਨ ਦੀਆਂ ਮੰਗਾਂ ਨੂੰ ਠੁਕਰਾਉਣ ਦੀ ਸਥਿਤੀ ਵਿਚ ਹੈ। ਦੂਜੇ ਪਾਸੇ ਅਮਰੀਕਾ ਦੀਆਂ ਹੱਦਾਂ ਵੀ ਜੱਗ ਜ਼ਾਹਿਰ ਹੋ ਗਈਆਂ ਹਨ। ਉਹ ਹੁਣ ਦੂਜਿਆਂ 'ਤੇ ਆਪਣੀ ਮਨਮਾਨੀ ਥੋਪਣ ਦੀ ਸਥਿਤੀ ਵਿਚ ਨਹੀਂ ਹੈ, ਕਿਉਂਕਿ ਹੁਣ ਦੁਨੀਆ ਇਕ-ਧਰੁਵੀ ਨਹੀਂ ਰਹੀ। ਰੂਸ ਤੇ ਚੀਨ ਵੀ ਮਹਾਂਸ਼ਕਤੀਆਂ ਵਜੋਂ ਉੱਭਰ ਚੁੱਕੇ ਹਨ ਅਤੇ ਉਹ ਦੋਵੇਂ ਈਰਾਨ ਦੇ ਸਮਰਥਨ ਵਿਚ ਖੜ੍ਹੇ ਹਨ।

ਡੋਨਲਡ ਟਰੰਪ ਅਨੁਸਾਰ ਵਾਸ਼ਿੰਗਟਨ ਜੰਗ ਜਿੱਤ ਚੁੱਕਾ ਹੈ ਅਤੇ ਉਨ੍ਹਾਂ ਦੇ ਦੋ ਜਹਾਜ਼ ਹੋਰਮੁਜ਼ 'ਚੋਂ ਸਮੁੰਦਰੀ ਬਾਰੂਦੀ ਸੁਰੰਗਾਂ ਨੂੰ 'ਕਲੀਅਰ' ਕਰਕੇ ਲੰਘ ਚੁੱਕੇ ਹਨ, ਪਰ ਈਰਾਨ ਨੇ ਇਸ ਦਾਅਵੇ ਨੂੰ ਰੱਦ ਕੀਤਾ ਹੈ। ਇਸ ਦੌਰਾਨ ਦੱਖਣੀ ਲਿਬਨਾਨ ਵਿਚ ਇਜ਼ਰਾਇਲੀ ਹਵਾਈ ਹਮਲਿਆਂ ਕਾਰਨ ਹਿਜ਼ਬੁੱਲਾ ਦੀ ਜਵਾਬੀ ਕਾਰਵਾਈ ਵੀ ਜਾਰੀ ਹੈ। ਪਰ ਅਮਰੀਕਾ ਤੇ ਈਰਾਨ ਵਿਚਕਾਰ ਪਿਛਲੇ 47 ਸਾਲਾਂ ਵਿਚ ਪਹਿਲੀ ਵਾਰ ਆਹਮੋ-ਸਾਹਮਣੇ ਹੋਈ ਉੱਚ-ਪੱਧਰੀ 21 ਘੰਟੇ ਦੀ ਅਹਿਮ ਗੱਲਬਾਤ ਟਕਰਾਅ ਤੇ ਬੇਭਰੋਸਗੀ ਦੇ ਮਾਹੌਲ ਵਿਚ ਬੇਸਿੱਟਾ ਖ਼ਤਮ ਹੋ ਗਈ ਹੈ।

ਜ਼ਿਕਰਯੋਗ ਹੈ ਕਿ ਦੋਹਾਂ ਧਿਰਾਂ ਵਿਚਕਾਰ ਪਹਿਲਾਂ ਹੋਈ ਜਨੇਵਾ ਗੱਲਬਾਤ ਮੁੱਖ ਤੌਰ 'ਤੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਕੇਂਦ੍ਰਿਤ ਸੀ, ਜਦਕਿ ਇਸਲਾਮਾਬਾਦ ਵਿਚ ਅਮਰੀਕਾ ਦੁਆਰਾ ਪੇਸ਼ ਕੀਤੇ ਗਏ 15 ਨੁਕਤਿਆਂ ਦੇ ਜਵਾਬ 'ਚ ਈਰਾਨ ਦੁਆਰਾ ਪੇਸ਼ ਕੀਤੇ ਗਏ 10 ਨੁਕਤਿਆਂ ਵਿਚ ਪ੍ਰਮਾਣੂ ਪ੍ਰੋਗਰਾਮ ਤੱਕ ਸੀਮਿਤ ਨਾ ਰਹਿੰਦਿਆਂ ਇਸ 'ਚ ਪਹਿਲੀ ਵਾਰ ਹੋਰਮੁਜ਼ ਜਲਡਮਰੂ ਨੂੰ ਸ਼ਾਮਿਲ ਕਰਨ ਸਮੇਤ ਸਾਰੇ ਮੋਰਚਿਆਂ 'ਤੇ ਵਿਆਪਕ ਜੰਗਬੰਦੀ ਦੀ ਮੰਗ ਕੀਤੀ ਗਈ ਸੀ। ਇਸ ਗੱਲਬਾਤ ਦੌਰਾਨ ਅਸਹਿਮਤੀ ਦਾ ਮੁੱਖ ਨੁਕਤਾ ਇਹ ਸੀ ਕਿ ਅਮਰੀਕਾ ਇਸ ਗੱਲ ਦਾ ਵਾਅਦਾ ਕਰਨ ਲਈ ਤਿਆਰ ਨਹੀਂ ਸੀ ਕਿ ਲਿਬਨਾਨ ਵਿਰੁੱਧ ਇਜ਼ਰਾਈਲ ਹਮਲੇ ਰੋਕ ਦੇਵੇਗਾ।

ਧਿਆਨ ਦੇਣ ਯੋਗ ਗੱਲ ਇਹ ਵੀ ਹੈ ਕਿ ਕੁਝ ਸਮਾਂ ਪਹਿਲਾਂ ਇਜ਼ਰਾਇਲੀ ਸੰਸਦ ਮੈਂਬਰ ਨਾਮਾ ਲਾਜ਼ਮੀ ਨੇ ਦੋਸ਼ ਲਗਾਇਆ ਹੈ ਕਿ ਨੇਤਨਯਾਹੂ ਨੇ ਜਾਣਬੁੱਝ ਕੇ ਹਮਾਸ ਦਾ ਹਮਲਾ ਹੋਣ ਦਿੱਤਾ, ਤਾਂ ਜੋ ਉਹ ਜੰਗ ਸ਼ੁਰੂ ਕਰਕੇ ਅਦਾਲਤ ਵਿਚ ਪੇਸ਼ ਹੋਣ ਤੋਂ ਬਚ ਸਕੇ, ਜਿੱਥੇ ਨੇਤਨਯਾਹੂ ਤੇ ਉਸ ਦੀ ਪਤਨੀ ਖ਼ਿਲਾਫ਼ ਭ੍ਰਿਸ਼ਟਾਚਾਰ ਤੇ ਕਈ ਹੋਰ ਮਾਮਲਿਆਂ ਦੇ ਮੁਕੱਦਮੇ ਚੱਲ ਰਹੇ ਹਨ। ਇਸੇ ਕਾਰਨ ਨੇਤਨਯਾਹੂ ਪਹਿਲਾਂ ਵੀ ਕਈ ਵਾਰ ਸਮਝੌਤਿਆਂ ਤੇ ਗੱਲਬਾਤਾਂ ਨੂੰ ਤੋੜ ਚੁੱਕਾ ਹੈ। ਨੇਤਨਯਾਹੂ ਨੇ ਫਿਰ ਟਰੰਪ ਰਾਹੀਂ ਇਜ਼ਰਾਇਲੀ ਰਾਸ਼ਟਰਪਤੀ ਇਸਹਾਕ ਹਰਜ਼ੋਗ 'ਤੇ ਆਪਣੇ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਵਾਪਸ ਲੈਣ ਲਈ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਨਾਕਾਮ ਰਿਹਾ। ਇਕ ਵਾਰ ਜਦੋਂ ਇਹ ਯੁੱਧ ਖ਼ਤਮ ਹੋਇਆ ਤਾਂ ਨੇਤਨਯਾਹੂ ਸਿਰਫ਼ ਆਪਣਾ ਅਹੁਦਾ ਹੀ ਨਹੀਂ ਗੁਆਏਗਾ, ਸਗੋਂ ਉਹ ਆਪਣੀ ਪਤਨੀ ਸਮੇਤ ਜੇਲ੍ਹ ਜਾਵੇਗਾ। ਲਾਜ਼ੀਮੋ ਅਨੁਸਾਰ ਨੇਤਨਯਾਹੂ ਖ਼ੁਦ ਨੂੰ ਬਚਾਉਣ ਲਈ ਇਜ਼ਰਾਈਲ ਨੂੰ ਲਗਾਤਾਰ ਜੰਗਾਂ ਵਿਚ ਘਸੀਟ ਰਹੇ ਹਨ। ਦੂਜਾ ਅਮਰੀਕਾ ਤੇ ਈਰਾਨ ਵਿਚਕਾਰ ਤਿੰਨੋਂ ਵਾਰ ਅਸਫਲ ਹੋਈ ਗੱਲਬਾਤ ਦੌਰਾਨ ਟਰੰਪ ਦਾ ਯਹੂਦੀ ਜਵਾਈ ਜੈਰੇਡ ਕੁਸ਼ਨਰ ਤੇ ਟਰੰਪ ਦਾ ਕਰੀਬੀ ਦੋਸਤ ਰੀਅਲ ਅਸਟੇਟ ਨਿਵੇਸ਼ਕ ਸਟੀਵ ਵਿਟਕੌਫ ਦੋਵੇਂ ਸ਼ਾਮਿਲ ਰਹੇ ਹਨ ਅਤੇ ਇਹ ਦੋਵੇਂ ਨੇਤਨਯਾਹੂ ਦੇ ਬਹੁਤ ਨੇੜੇ ਹਨ। ਅਮਰੀਕੀ ਮਾਹਿਰਾਂ ਅਨੁਸਾਰ ਇਹ ਦੋਵੇਂ ਨੇਤਨਯਾਹੂ ਲਈ ਕੰਮ ਕਰਦੇ ਹਨ, ਭਾਵੇਂ ਇਨ੍ਹਾਂ ਨੂੰ ਅਮਰੀਕੀ ਪ੍ਰਸ਼ਾਸਨ ਜਾਂ ਕੂਟਨੀਤੀ ਬਾਰੇ ਕੋਈ ਤਜਰਬਾ ਨਹੀਂ ਹੈ। ਅਜਿਹੀ ਸਥਿਤੀ ਵਿਚ ਇਸਲਾਮਾਬਾਦ ਗੱਲਬਾਤ ਦਾ ਅਸਫਲ ਹੋਣਾ ਤੈਅ ਹੀ ਸੀ। ਸਾਊਦੀ ਅਰਬ ਦੇ ਰੱਖਿਆ ਮੰਤਰਾਲੇ ਅਨੁਸਾਰ ਪਾਕਿਸਤਾਨੀ ਫ਼ੌਜੀ ਬਲ ਸੰਯੁਕਤ ਰਣਨੀਤਕ ਰੱਖਿਆ ਸਮਝੌਤੇ ਦੇ ਤਹਿਤ ਉਸ ਦੇ ਪੂਰਬੀ ਖੇਤਰ ਵਿਚ ਕਿੰਗ ਅਬਦੁਲ ਅਜ਼ੀਜ਼ ਏਅਰ ਬੇਸ ਦੀ ਰੱਖਿਆ ਲਈ ਪਹੁੰਚ ਗਏ ਹਨ। ਇਸ ਤੋਂ ਸਪੱਸ਼ਟ ਹੈ ਕਿ ਸਾਊਦੀ ਅਰਬ ਵੀ ਅਮਰੀਕਾ 'ਤੇ ਆਪਣੀ ਰੱਖਿਆ ਨਿਰਭਰਤਾ ਨੂੰ ਘਟਾਉਂਦੇ ਹੋਏ ਈਰਾਨ ਨਾਲ ਸੰਬੰਧਾਂ ਨੂੰ ਸੁਧਾਰਨ ਲਈ ਤਿਆਰ ਹੈ, ਜਦਕਿ ਚੀਨ ਨੇ ਈਰਾਨ ਨੂੰ ਹਵਾਈ ਰੱਖਿਆ ਪ੍ਰਣਾਲੀਆਂ ਪ੍ਰਦਾਨ ਕੀਤੀਆਂ ਹਨ। ਇਸ ਦੌਰਾਨ ਟਰੰਪ ਦਾਅਵੇ ਕਰ ਰਿਹਾ ਹੈ ਕਿ ਉਹ ਵੈਨੇਜ਼ੁਏਲਾ ਵਾਂਗ ਈਰਾਨ ਖ਼ਿਲਾਫ਼ ਵੀ ਜਲ ਸੈਨਾ ਰਾਹੀਂ ਨਾਕਾਬੰਦੀ ਕਰਕੇ ਆਪਣੀਆਂ ਮੰਗਾਂ ਮੰਨਣ ਲਈ ਉਸ ਨੂੰ ਮਜਬੂਰ ਕਰ ਦੇਵੇਗਾ। ਪਰ ਪੱਕੇ ਤੌਰ 'ਤੇ ਅਜੇ ਕੁਝ ਵੀ ਕਹਿਣਾ ਮੁਸ਼ਕਿਲ ਜਾਪ ਰਿਹਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਨਾਟੋ ਦੇ ਨੌਟ ਦਾ ਅਸਰ!

ਹੋ ਗਿਆ 'ਭੈਅ-ਭੀਤ' ਸੀ ਜੱਗ ਸਾਰਾ, ਖਤਰਨਾਕ ਜਿਹੇ ਸੁਣ ਕੇ ਐਲਾਨ ਯਾਰੋ।<br>
ਕਰਨ ਲੱਗੇ ਸੀ ਸਾਰੇ 'ਅਰਦਾਸ' ਏਹੋ, ਅਮਲੀ ਰੂਪ ਨਾ ਲੈਣ 'ਫ਼ੁਰਮਾਨ' ਯਾਰੋ।<br>
ਬਣਕੇ 'ਸਾਲਸੀ' ਦੇਸ਼ਾਂ 'ਨਿਮਾਣਿਆਂ' ਨੇ, ਵਿਸ਼ਵ ਵਿਚ ਬਣਾ ਲਈ ਏ ਸ਼ਾਨ ਯਾਰੋ।<br>
'ਮਾਰੂ ਰਾਗ' ਫ਼ਿਜ਼ਾਵਾਂ 'ਚੋਂ ਬੰਦ ਹੋਇਆ, ਵੱਜਣ ਲੱਗੀ ਹੈ ਸ਼ਾਂਤਮਈ 'ਤਾਨ' ਯਾਰੋ।<br>
ਕਰ'ਤੀ ਨਾਂਹ ਲੜਾਈ ਤੋਂ 'ਹੋਰ' ਕਈਆਂ, ਨਾਟੋ 'ਨੌਟ' ਕਹਿ ਪਿੱਛੇ ਨੂੰ ਹੋ ਗਿਆ ਏ।<br>
ਜੰਗ-ਬੰਦੀ ਦਾ ਹੋਇਆ ਜੋ 'ਫੈਸਲਾ' ਐ, ਬੀਅ ਅਮਨ ਦੇ ਜਾਣੋਂ ਕਿ ਬੋ ਗਿਆ ਏ!

# ਬਿਹਾਰ ਤਾਂ ਝਾਕੀ ਹੈ, ਬੰਗਾਲ ਅਜੇ ਬਾਕੀ ਹੈ



ਗੁਰਮੀਤ ਸਿੰਘ ਪਲਾਹੀ
ਫੋਨ: 9815802070

ਭਾਰੀ ਬੇਇਤਬਾਰੀ ਦੇ ਦਰਮਿਆਨ ਦੇਸ਼ ਦੇ ਨਾਗਰਿਕਾਂ ਨੂੰ ਇਹ ਸਾਬਤ ਕਰਨਾ ਪੈ ਰਿਹਾ ਹੈ ਕਿ ਉਹ ਯੋਗ ਵੋਟਰ ਹਨ। ਇਸੇ ਕਰਕੇ ਭਾਰਤੀ ਚੋਣ ਕਮਿਸ਼ਨ ਦੀ ਨਿਰਪੱਖਤਾ ਉਤੇ ਲਗਾਤਾਰ ਸਵਾਲ ਉਠ ਰਹੇ ਹਨ। ਹਾਲਾਂਕਿ ਚੋਣ ਕਮਿਸ਼ਨ ਅਨੁਸਾਰ ਵੋਟਰ ਸੂਚੀਆਂ ਦੀ ਸ਼ੁਧਤਾ ਲਈ ਇਹ ਕਦਮ ਲਾਜ਼ਮੀ ਹਨ, ਪਰ ਵੱਡੀ ਗਿਣਤੀ ਵੋਟਰਾਂ ਦੇ ਨਾਂ ਵੋਟਰ ਸੂਚੀਆਂ ਵਿਚੋਂ ਕੱਟੇ ਜਾਣ ਕਾਰਨ ਸਵਾਲ ਉਠ ਰਹੇ ਹਨ। ਪੱਛਮੀ ਬੰਗਾਲ ਵਿਚ ਵਿਧਾਨ ਸਭਾ ਚੋਣਾਂ ਦੀਆਂ ਤਾਰੀਖਾਂ ਤੈਅ ਹਨ ਅਤੇ ਖ਼ਬਰਾਂ ਮੁਤਾਬਕ 27 ਲੱਖ ਲੋਕ ਇਸ ਵਾਰ ਵੋਟ ਦੇਣ ਤੋਂ ਵਾਂਝੇ ਰਹਿ ਸਕਦੇ ਹਨ। ਇਸ ਸਬੰਧੀ ਤ੍ਰਿਣਮੂਲ ਕਾਂਗਰਸ ਨੇ ਚੋਣ ਕਮਿਸ਼ਨ ਅੱਗੇ ਸਵਾਲ ਉਠਾਏ ਤਾਂ ਚੋਣ ਕਮਿਸ਼ਨ ਦਾ ਦੋ-ਟੁੱਕ ਜਵਾਬ ਸੀ ਕਿ ਚੋਣਾਂ ਡਰ-ਰਹਿਤ, ਹਿੰਸਾ-ਰਹਿਤ ਅਤੇ ਲੋਭ-ਲਾਲਚ ਰਹਿਤ ਅਤੇ ਬੂਥਾਂ ਉਤੇ ਬਾਹਰੀ ਪਕੜ ਤੋਂ ਮੁਕਤ ਹੋਣਗੀਆਂ। ਇਹੀ ਜਵਾਬ ਜਾਂ ਇਸ ਤਰ੍ਹਾਂ ਦਾ ਪ੍ਰਚਾਰ ਕੇਂਦਰੀ ਸਰਕਾਰ 'ਤੇ ਕਾਬਜ਼ 'ਭਾਜਪਾ' ਵੱਲੋਂ ਆਪਣੇ ਸੋਸ਼ਲ ਮੀਡੀਆ ਮਾਧਿਅਮਾਂ ਫੇਸਬੁਕ, ਇੰਸਟਾਗ੍ਰਾਮ ਅਤੇ ਚੋਣ ਪੋਸਟਰਾਂ ਰਾਹੀਂ ਵੀ ਕੀਤਾ ਜਾ ਰਿਹਾ ਹੈ। ਇਸ ਨਾਲ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਭਾਜਪਾ ਹੀ ਭਾਰਤੀ ਚੋਣ ਕਮਿਸ਼ਨ ਹੈ? ਜਾਂ ਭਾਰਤੀ ਚੋਣ ਕਮਿਸ਼ਨ ਭਾਜਪਾ ਹੀ ਹੈ? ਕੀ ਭਾਜਪਾ ਅਤੇ ਚੋਣ ਕਮਿਸ਼ਨ ਵਿਚਕਾਰ ਕੋਈ ਮਿਲੀਭੁਗਤ ਹੈ ਜਾਂ ਇਹ ਸਿਰਫ਼ ਇੱਕ ਰਾਜਨੀਤਕ ਦੂਸ਼ਣਬਾਜ਼ੀ ਹੈ? ਜਾਂ ਇਹ ਸਿਰਫ਼ ਵੋਟਰਾਂ ਨੂੰ ਡਰਾਉਣ-ਧਮਕਾਉਣ ਦੀ ਸਾਜ਼ਿਸ਼ ਹੈ?

ਭਾਰਤ ਵਿਚ ਚੋਣ ਪ੍ਰਕਿਰਿਆ ਦੁਨੀਆ ਦੀ ਸਭ ਤੋਂ ਵੱਡੀ ਲੋਕਤੰਤਰਕ ਪ੍ਰਕਿਰਿਆ ਮੰਨੀ ਜਾਂਦੀ ਹੈ, ਜਿੱਥੇ ਕਰੋੜਾਂ ਲੋਕ ਆਪਣਾ ਵੋਟ ਦੇ ਕੇ ਸਰਕਾਰ ਚੁਣਦੇ ਹਨ। ਇਸ ਲਈ ਵੋਟਰ ਸੂਚੀ ਦੀ ਪਾਰਦਰਸ਼ਤਾ ਅਤੇ ਸ਼ੁੱਧਤਾ ਬਹੁਤ ਜ਼ਰੂਰੀ ਹੈ। ਭਾਰਤੀ ਚੋਣ ਕਮਿਸ਼ਨ ਇੱਕ ਸੰਵਿਧਾਨਕ ਸੰਸਥਾ ਹੈ, ਜਿਸਦਾ ਬੁਨਿਆਦੀ ਕੰਮ ਨਿਰਪੱਖ ਚੋਣਾਂ ਕਰਵਾਉਣਾ ਹੈ। ਪਰ ਪਿਛਲੇ ਸਮੇਂ ਦੌਰਾਨ ਕੁਝ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜਿਨ੍ਹਾਂ ਨਾਲ ਇਸ ਦੀ ਨਿਰਪੱਖਤਾ 'ਤੇ ਸਵਾਲ ਉਠੇ ਹਨ। ਜਿਵੇਂ ਪੱਛਮੀ ਬੰਗਾਲ ਅਤੇ ਕੇਰਲ ਵਿਚ ਭਾਜਪਾ ਵੱਲੋਂ ਚੋਣ ਕਮਿਸ਼ਨ ਦੀਆਂ ਤਸਵੀਰਾਂ ਲਾ ਕੇ ਪੋਸਟਰ ਲਗਾਏ ਗਏ ਅਤੇ ਚੋਣ ਕਮਿਸ਼ਨ ਨਾਲ ਰਾਜਨੀਤਕ ਪਾਰਟੀ ਦੀ ਸਾਖ ਜੋੜੀ ਗਈ। ਕੇਰਲ ਵਿਚ ਚੋਣ ਕਮਿਸ਼ਨ ਦਾ ਲੋਗੋ ਖ਼ੁਦ ਭਾਜਪਾ ਦੀ ਮੋਹਰ ਨਾਲ ਪ੍ਰਸਾਰਿਤ ਹੋਣ 'ਤੇ ਹੰਗਾਮਾ ਵੀ ਖੜ੍ਹਾ ਹੋਇਆ। ਬਾਅਦ ਵਿਚ ਚੋਣ ਕਮਿਸ਼ਨ ਨੇ ਇਸ ਨੂੰ ਆਪਣੀ ਗਲਤੀ ਮੰਨਦਿਆਂ ਇੱਕ ਅਧਿਕਾਰੀ ਨੂੰ ਮੁਅੱਤਲ ਕਰ ਦਿੱਤਾ। ਪਰ ਕੀ ਇਸ ਨਾਲ ਚੋਣ ਕਮਿਸ਼ਨ ਦੀ ਨਿਰਪੱਖਤਾ ਸਾਬਤ ਹੋ ਜਾਂਦੀ ਹੈ?

ਬਿਹਾਰ ਚੋਣਾਂ ਤੋਂ ਪਹਿਲਾਂ ਵੋਟਰਾਂ ਦੀ ਪਹਿਚਾਣ ਅਤੇ ਸੂਚੀ ਸਬੰਧੀ ਵੀ ਵਿਵਾਦ ਉਠੇ। ਚੋਣ ਕਮਿਸ਼ਨ ਨੇ ਵੋਟਰਾਂ ਦੇ ਆਧਾਰ ਨੂੰ ਝੁਠਲਾ ਦਿੱਤਾ ਅਤੇ ਕਿਹਾ ਕਿ ਇਸ ਨੂੰ ਵੋਟਰ ਨਾਗਰਿਕ ਦਾ ਪਛਾਣ ਪੱਤਰ ਨਹੀਂ ਮੰਨਿਆ ਜਾ ਸਕਦਾ। ਸਿੱਧੇ ਲਫ਼ਜ਼ਾਂ ਵਿਚ ਵੋਟਰਾਂ ਨੂੰ ਕਿਹਾ ਗਿਆ ਕਿ ਵੋਟਰ ਸੂਚੀਆਂ ਵਿਚੋਂ ਦਫ਼ਾ ਹੋ ਜਾਓ! ਭੱਜ ਜਾਓ! ਨਿਕਲ ਜਾਓ! ਕਈ ਲੋਕਾਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਵੋਟਰ ਸੂਚੀ ਤੋਂ ਬਾਹਰ ਕੀਤਾ ਗਿਆ। ਇਹ ਮਾਮਲਾ ਸਰਬ ਉੱਚ ਅਦਾਲਤ ਤੱਕ ਵੀ ਗਿਆ, ਪਰ ਚੋਣ ਕਮਿਸ਼ਨ ਦੀ ਭਾਸ਼ਾ ਵੋਟਰਾਂ ਨੂੰ 'ਦਫ਼ਾ ਹੋ ਜਾਓ' ਵਾਲੀ ਹੀ ਰਹੀ।

ਉੱਤਰ ਪ੍ਰਦੇਸ਼ ਅਤੇ ਬੰਗਾਲ ਵਿਚ ਕੁਝ ਬੂਥ ਅਧਿਕਾਰੀਆਂ 'ਤੇ ਕੰਮ ਦਾ ਵੱਧ ਭਾਰ ਹੋਣ ਕਾਰਨ ਉਨ੍ਹਾਂ ਦੀ ਮਨੋਵਿਗਿਆਨਕ ਹਾਲਤ ਬਾਰੇ ਵੀ ਚਿੰਤਾਜਨਕ ਖ਼ਬਰਾਂ ਸਾਹਮਣੇ ਆਈਆਂ। ਕੁਝ ਬੂਥ ਲੈਵਲ ਅਫ਼ਸਰਾਂ ਦੀ ਖ਼ੁਦਕੁਸ਼ੀ ਦੀਆਂ ਖ਼ਬਰਾਂ ਛਪੀਆਂ। ਫਿਰ ਵੀ ਚੋਣ ਕਮਿਸ਼ਨ ਅਸੰਵੇਦਨਸ਼ੀਲ ਰਿਹਾ। ਇਹ ਸਵਾਲ ਵੀ ਉਠਦਾ ਹੈ ਕਿ ਚੋਣ ਪ੍ਰਕਿਰਿਆ ਦੌਰਾਨ ਮਾਨਵ ਸੰਵੇਦਨਸ਼ੀਲਤਾ ਨੂੰ ਕਿਉਂ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਕਿਉਂ ਚੋਣ ਕਮਿਸ਼ਨ ਨੇ ਆਪਣੀਆਂ ਅੱਖਾਂ ਅਤੇ ਕੰਨ ਬੰਦ ਕਰੀ ਰੱਖੇ? ਬੂਥ ਅਧਿਕਾਰੀਆਂ ਨੂੰ ਘੱਟ ਸਮੇਂ ਵਿਚ ਵੱਧ ਕੰਮ ਦੇਣ ਨਾਲ ਉਨ੍ਹਾਂ ਉਤੇ ਬੋਝ ਵਧਿਆ। ਜੇ ਬਾਅਦ ਵਿਚ ਵੋਟਰ ਸੂਚੀਆਂ ਦੀ ਸੁਧਾਈ ਦੀ ਮਿਆਦ ਵਧਾਈ ਜਾ ਸਕਦੀ ਸੀ, ਤਾਂ ਇਹ ਪ੍ਰਕਿਰਿਆ ਪਹਿਲਾਂ ਹੀ ਸੁਚੱਜੇ ਢੰਗ ਨਾਲ ਕਿਉਂ ਨਹੀਂ ਕੀਤੀ ਗਈ? ਲੋਕਤੰਤਰ ਵਿਚ ਇਹੋ ਜਿਹੀ ਮੁਹਿੰਮ ਕਾਹਲੀ-ਕਾਹਲੀ ਨਿਪਟਾਉਣ ਦੀ ਆਖ਼ਰ ਕਿਹੜੀ ਮਜਬੂਰੀ ਸੀ? ਇਸ ਸਭ ਕੁਝ ਦੇ ਦੌਰਾਨ ਬੂਥ ਲੈਵਲ ਅਫ਼ਸਰਾਂ ਨੂੰ ਜੋ ਪਰੇਸ਼ਾਨੀ ਹੋਈ ਪਰਿਵਾਰਾਂ ਦੇ ਪਰਿਵਾਰ ਤਬਾਹ ਹੋਏ ਉਸ ਦੀ ਜ਼ਿੰਮੇਵਾਰੀ ਆਖ਼ਰ ਕਿਸ ਦੀ ਹੈ? 'ਆਕਾ' ਨੂੰ ਖ਼ੁਸ਼ ਕਰਨ ਲਈ ਗ਼ੈਰ-ਲੋਕਤੰਤਰੀ ਕਦਮ ਆਖ਼ਰ ਚੋਣ ਕਮਿਸ਼ਨ ਦੇ ਮੱਥੇ ਉਤੇ ਕਲੰਕ ਨਹੀਂ ਹੈ?

ਜਨਤਾ ਨੂੰ ਵੀ ਛੱਡ ਦਈਏ, ਵਿਸ਼ਵ ਭਰ 'ਚ ਚੋਣ ਕਮਿਸ਼ਨ ਤੇ ਹਾਕਮਾਂ ਦੀ ਇਸ ਸਬੰਧੀ ਜੋ ਖੇਹ ਉਡੀ, ਉਸਨੂੰ ਵੀ ਛੱਡ ਦਈਏ, ਦੋਸ਼ ਹੈ ਕਿ ਬੰਗਾਲ ਦੇ ਸੰਦਰਭ ਵਿਚ ਤਾਂ ਆਈ.ਏ.ਐਸ. ਅਫ਼ਸਰਾਂ ਤੱਕ ਨੂੰ ਮੁੱਖ ਚੋਣ ਕਮਿਸ਼ਨਰ ਦੇ ਖਿਲਾਫ਼ ਬਾਗੀ ਤੇਵਰ ਦਿਖਾਉਣੇ ਪੈ ਗਏ। ਕੁਝ ਮੀਡੀਆ ਰਿਪੋਰਟਾਂ ਮੁਤਾਬਕ ਚੁਣਾਵੀ ਮੀਟਿੰਗਾਂ ਦੌਰਾਨ ਅਧਿਕਾਰੀਆਂ ਨਾਲ ਵੀ ਤਿੱਖੇ ਲਹਿਜੇ ਵਿਚ ਗੱਲਬਾਤ ਹੋਈ, ਜਿਸ ਨਾਲ ਪ੍ਰਸ਼ਾਸਨਿਕ ਤਣਾਅ ਵਧਿਆ। ਉੱਤਰ ਪ੍ਰਦੇਸ਼ ਸਰਕਾਰ ਦੇ ਪ੍ਰਮੁੱਖ ਸਕੱਤਰ ਪੱਧਰ ਦੇ ਇੱਕ ਅਧਿਕਾਰੀ ਅਨੁਰਾਗ ਯਾਦਵ ਬਤੌਰ ਚੋਣ ਕਮਿਸ਼ਨਰ ਇੱਕ ਬੈਠਕ 'ਚ ਸ਼ਾਮਲ ਸੀ। ਦੋਸ਼ ਹੈ ਕਿ ਮੁੱਖ ਚੋਣ ਕਮਿਸ਼ਨਰ ਦੀ ਬੋਲ ਚਾਲ ਸਬੰਧੀ ਆਈ.ਏ.ਐਸ. ਅਧਿਕਾਰੀ ਨੇ ਕਿਹਾ, 'ਆਪ ਸਾਡੇ ਨਾਲ ਇਹੋ-ਜਿਹਾ ਵਰਤਾਓ ਨਹੀਂ ਕਰ ਸਕਦੇ।' ਨਤੀਜਾ ਇਹ ਨਿਕਲਿਆ ਕਿ ਅਨੁਰਾਗ ਯਾਦਵ ਨੂੰ ਉਸ ਅਹੁਦੇ ਤੋਂ ਹਟਾ ਦਿੱਤਾ ਗਿਆ।

ਦੇਸ਼ ਵਿਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ, ਵੋਟਰ ਸੂਚੀ ਦੀ ਸ਼ੁੱਧਤਾ ਅਤੇ ਚੋਣ ਕਮਿਸ਼ਨ ਦੀ ਨਿਰਪੱਖਤਾ ਸਬੰਧੀ ਵਿਰੋਧੀ ਪਾਰਟੀਆਂ ਵੱਲੋਂ ਕਈ ਵਾਰ ਸਵਾਲ ਉਠਾਏ ਗਏ ਹਨ। ਇਨ੍ਹਾਂ ਮਸਲਿਆਂ 'ਤੇ ਸੰਸਦ ਵਿਚ ਵੀ ਚਰਚਾ ਹੋਈ ਹੈ। ਪੱਛਮੀ ਬੰਗਾਲ ਦੀ ਹਾਕਮ ਧਿਰ ਦੇ ਪ੍ਰਮੁੱਖ ਨੇਤਾ ਡੈਰੇਕ ਓ'ਬਰਾਇਨ ਨੇ ਚੋਣਾਵੀ ਬੈਠਕ ਦੌਰਾਨ ਮੁੱਖ ਚੋਣ ਕਮਿਸ਼ਨਰ ਨਾਲ ਮੁਲਾਕਾਤ ਕੀਤੀ, ਪਰ ਤ੍ਰਿਣਮੂਲ ਕਾਂਗਰਸ ਦੇ ਪ੍ਰਤੀਨਿਧ ਮੰਡਲ ਦਾ ਦੋਸ਼ ਰਿਹਾ ਕਿ ਉਨ੍ਹਾਂ ਦੀ ਗੱਲ ਨੂੰ ਨਜ਼ਰਅੰਦਾਜ਼ ਕੀਤਾ ਗਿਆ ਅਤੇ ਮੀਟਿੰਗ ਸਿਰਫ਼ ਰਸਮੀ ਕਾਰਵਾਈ ਤੱਕ ਸੀਮਿਤ ਰਹੀ। ਸੱਤ ਮਿੰਟ ਦੀ ਸਧਾਰਨ ਗੱਲਬਾਤ ਤੋਂ ਬਾਅਦ ਮੁੱਖ ਚੋਣ ਕਮਿਸ਼ਨਰ ਨੇ ਕਿਹਾ, 'ਗੈਟ ਲਾਸਟ'। ਵੈਸੇ ਇਹ 'ਗੈਟ ਲਾਸਟ' ਜਿਹਾ ਦੋ ਟੁੱਕ ਜਵਾਬ ਚੋਣ ਕਮਿਸ਼ਨ ਵੱਖੋ-ਵੱਖਰੀਆਂ ਵਿਰੋਧੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਦੌਰਾਨ ਵਾਰ-ਵਾਰ ਕਹਿ ਚੁੱਕੇ ਹਨ। ਦੇਸ਼ 'ਚ ਵੋਟ ਮਸ਼ੀਨਾਂ 'ਚ ਹੁੰਦੀ ਵੋਟ-ਚੋਰੀ, ਵੋਟਰਾਂ ਦੇ ਸ਼ੁੱਧੀਕਰਨ, ਭਾਜਪਾ ਨਾਲ ਚੋਣ ਕਮਿਸ਼ਨ ਦੀ ਡੂੰਘੀ ਸਾਂਝ ਤੇ ਗਲਵਕੜੀ ਜਿਹੇ ਇਲਜ਼ਾਮਾਂ ਤਹਿਤ ਮੁੱਖ ਚੋਣ ਕਮਿਸ਼ਨਰ ਦੇ ਖਿਲਾਫ਼ ਵਿਰੋਧੀ ਪਾਰਟੀਆਂ ਵੱਲੋਂ ਸੰਸਦ 'ਚ ਮੁੱਖ ਚੋਣ ਕਮਿਸ਼ਨਰ ਨੂੰ ਅਹੁਦੇ ਤੋਂ ਹਟਾਉਣ ਦਾ ਮਤਾ ਪੇਸ਼ ਕੀਤਾ ਗਿਆ, ਜੋ ਭਾਵੇਂ ਵਿਰੋਧੀ ਪਾਰਟੀਆਂ ਦੀ ਘੱਟ ਗਿਣਤੀ ਕਾਰਨ ਪਾਸ ਨਾ ਹੋ ਸਕਿਆ, ਪਰ ਮੁੱਖ ਚੋਣ ਕਮਿਸ਼ਨਰ ਦੇ ਪੱਖਪਾਤੀ ਰਵੱਈਏ ਦੀ ਭਰਪੂਰ ਚਰਚਾ ਹੋਈ। ਬਿਹਾਰ ਵਿਚ ਜਦੋਂ ਐਸ.ਆਈ.ਆਰ. (ਵੋਟਾਂ ਦੀ ਸ਼ੁੱਧਤਾ) ਦੀ ਪ੍ਰਕਿਰਿਆ ਸ਼ੁਰੂ ਹੋਈ ਸੀ, ਤਦ ਦੋਸ਼ ਲਗਾਏ ਗਏ ਕਿ ਹੁਣ ਤੱਕ ਇੱਕ ਝਾਕੀ ਹੈ,ਬੰਗਾਲ ਬਾਕੀ ਹੈ। ਅਰਥਾਤ ਬੰਗਾਲ ਚੋਣਾਂ 'ਚ ਚੋਣ ਕਮਿਸ਼ਨ ਵੋਟਰ ਸੂਚੀ ਨੂੰ ਲੈ ਕੇ ਸਖ਼ਤ ਹੋਵੇਗਾ। ਉਸ ਸਮੇਂ ਇਹ ਸਿਰਫ਼ ਦੋਸ਼ ਲੱਗੇ ਸਨ, ਪਰ ਹੁਣ ਇਹ ਸਹੀ ਸਾਬਤ ਹੋ ਰਹੇ ਹਨ ਜਦੋਂ ਵੋਟਰ ਸੂਚੀ ਦੇ ਵਿਸ਼ੇਸ਼ ਪੁਨਰ-ਪ੍ਰੀਖਣ ਦੇ ਬਾਅਦ ਪੱਛਮੀ ਬੰਗਾਲ 'ਚ ਲਗਭਗ 91 ਲੱਖ ਵੋਟਰਾਂ ਨੂੰ ਵੋਟਰ ਸੂਚੀਆਂ 'ਚੋਂ ਹਟਾ ਦਿੱਤਾ ਗਿਆ। ਇਹ ਹਟਾਏ ਹੋਏ ਵੋਟਰ ਕੁੱਲ ਵੋਟਰਾਂ ਦਾ 12 ਫ਼ੀਸਦੀ ਹਨ। ਪੱਛਮੀ ਬੰਗਾਲ ਵਿਚ ਵੋਟਰ ਸੂਚੀ ਦੀ ਸੁਧਾਈ ਪ੍ਰਕਿਰਿਆ ਦੌਰਾਨ ਵੀ ਵੱਡੀ ਗਿਣਤੀ ਵਿਚ ਨਾਂ ਕੱਟੇ ਜਾਣ ਦੇ ਦੋਸ਼ ਲੱਗੇ ਹਨ। ਹਾਲਾਂਕਿ ਅਧਿਕਾਰਿਕ ਅੰਕੜਿਆਂ ਦੀ ਪੁਸ਼ਟੀ ਲਾਜ਼ਮੀ ਹੈ, ਪਰ ਇਹ ਮਾਮਲਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

ਲੋਕਤੰਤਰ ਵਿਚ ਹਰ ਨਾਗਰਿਕ-ਗਰੀਬ, ਅਮੀਰ, ਔਰਤ, ਮਰਦ, ਬਜ਼ੁਰਗ, ਜਵਾਨ ਜਾਂ ਵਿਸ਼ੇਸ਼ ਯੋਗਤਾ ਵਾਲਾ-ਵੋਟ ਦੇ ਅਧਿਕਾਰ ਰਾਹੀਂ ਬਰਾਬਰੀ ਦਾ ਅਹਿਸਾਸ ਕਰਦਾ ਹੈ। ਅੱਜ ਜਦੋਂ ਨਾਗਰਿਕਾਂ ਨੂੰ ਕੇਰਲ, ਅਸਾਮ ਅਤੇ ਪੁਡੂਚੇਰੀ ਵਿਚ ਬੰਪਰ ਵੋਟਿੰਗ ਦਾ ਮੌਕਾ ਮਿਲਿਆ ਤਾਂ ਉਨ੍ਹਾਂ 27 ਲੱਖ ਬੰਗਾਲ ਦੇ ਲੋਕਾਂ ਉਤੇ ਕੀ ਬੀਤੇਗੀ, ਜਿਹੜੇ ਚੋਣ ਕਮਿਸ਼ਨ ਦੀਆਂ ਸਖ਼ਤ ਕਾਰਵਾਈਆਂ ਕਾਰਨ, ਵੋਟ ਪਾਉਣ ਤੋਂ ਵਿਰਵੇ ਰਹਿ ਜਾਣਗੇ। ਭਾਵੇਂ ਦੇਸ਼ ਦੇ ਅੰਦਰ ਇੱਕ ਸੂਬੇ ਤੋਂ ਦੂਜੇ ਸੂਬੇ ਨੂੰ ਪਰਵਾਸ ਹੋ ਰਿਹਾ ਹੋਵੇ ਜਾਂ ਬਾਹਰਲੇ ਮੁਲਕਾਂ ਨੂੰ ਭਾਰਤ ਵਾਸੀ ਜਾ ਰਹੇ ਹੋਣ, ਭਾਵੇਂ ਕੋਵਿਡ ਦੌਰਾਨ ਮਹਾਂਮਾਰੀ ਦੇ ਦੌਰ ਚ ਮੌਜੂਦ ਐਲ.ਪੀ.ਜੀ. ਦੇ ਸਿਲੰਡਰਾਂ ਦੀ ਕਮੀ ਕਾਰਨ ਲੋਕ ਸ਼ਹਿਰਾਂ ਤੋਂ ਪਿੰਡਾਂ ਵੱਲ ਦੌੜ ਰਹੇ ਹੋਣ, ਤਦ ਸੰਵਿਧਾਨਿਕ ਸੰਸਥਾ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਦਰਕਿਨਾਰ ਕਰਦੇ ਹੋਏ ਉਨ੍ਹਾਂ ਨਾਲ ਦੋ ਟੁੱਕ 'ਦਫ਼ਾ ਹੋ ਜਾਓ' ਜਿਹਾ ਵਰਤਾਓ ਕਰੇਗੀ ਤਾਂ ਫਿਰ ਲੋਕਾਂ ਦਾ ਲੋਕਤੰਤਰ ਪ੍ਰਤੀ ਵਿਸ਼ਵਾਸ ਕਿਵੇਂ ਬੱਝੇਗਾ? ਕੁਪੋਸ਼ਣ ਨਾਲ ਇਕੱਠਾ ਹੋਇਆ ਸਰੀਰ, ਸਰੀਰ ਉਤੇ ਮਾਮੂਲੀ ਕੱਪੜਿਆਂ ਦੇ ਬਾਅਦ ਵੀ ਜਦੋਂ ਵੋਟਰ ਆਪਣੀ ਉਂਗਲੀ 'ਤੇ ਲੱਗਿਆ ਨੀਲਾ ਨਿਸ਼ਾਨ ਦਿਖਾਉਂਦਾ ਹੈ, ਤਾਂ ਲੋਕਤੰਤਰ ਵਧਦਾ-ਫੁੱਲਦਾ ਦਿਸਦਾ ਹੈ। ਪਰ ਅੱਜ ਜਦੋਂ ਗਰੀਬ ਤੋਂ ਵੋਟ ਖੋਹੀ ਜਾ ਰਹੀ ਹੈ ਤਾਂ ਵੋਟਰ ਚਿੰਤਾਤੁਰ ਦਿਸਦਾ ਹੈ। ਜਦੋਂ ਕਿਸੇ ਵੀ ਕਾਰਨ ਕਰਕੇ ਲੋਕ ਵੋਟ ਦੇਣ ਤੋਂ ਵੰਚਿਤ ਰਹਿੰਦੇ ਹਨ, ਤਾਂ ਇਹ ਲੋਕਤੰਤਰ ਲਈ ਚਿੰਤਾਜਨਕ ਗੱਲ ਹੈ। ਸੋਚਣ ਵਾਲੀ ਗੱਲ ਹੈ ਕਿ ਇੱਕ ਗਰੀਬ ਮਜ਼ਦੂਰ, ਜੋ ਦਿਨ ਭਰ ਦੀ ਮਿਹਨਤ ਤੋਂ ਬਾਅਦ ਵੋਟ ਪਾਉਣ ਨੂੰ ਆਪਣਾ ਫਰਜ਼ ਮੰਨਦਾ ਹੈ, ਜਦੋਂ ਉਸਦਾ ਨਾਮ ਸੂਚੀ 'ਚੋਂ ਗਾਇਬ ਹੋਵੇ, ਤਾਂ ਉਸਦੇ ਮਨ 'ਤੇ ਕੀ ਬੀਤਦੀ ਹੋਵੇਗੀ।

ਇਹ ਗੱਲ ਕਿਸੇ ਤੋਂ ਲੁਕੀ-ਛੁਪੀ ਨਹੀਂ ਹੈ ਕਿ ਆਮ ਨਾਗਰਿਕ ਦੇਸ਼ ਵਿਚ ਵੱਡੇ ਪੱਧਰ 'ਤੇ ਮਾਈਗ੍ਰੇਸ਼ਨ, ਗਰੀਬੀ ਅਤੇ ਰੋਜ਼ਗਾਰ ਦੀ ਕਮੀ ਅਤੇ ਭ੍ਰਿਸ਼ਟਾਚਾਰ ਵਰਗੀਆਂ ਸਮੱਸਿਆਵਾਂ ਆਪਣੇ ਪਿੰਡੇ 'ਤੇ ਹੰਢਾ ਰਹੇ ਹਨ। ਫਿਰ ਵੀ ਉਹ ਨਾਗਰਿਕ ਬਣੇ ਰਹਿਣ ਦੀ ਮਜਬੂਰੀ ਨਿਭਾਉਂਦੇ ਹਨ। ਹਾਲ ਤਾਂ ਇਹ ਹੈ ਕਿ ਪਿਛਲੇ ਦੋ ਦਹਾਕਿਆਂ ਤੋਂ 80 ਕਰੋੜ ਲੋਕ ਆਪਣੇ ਢਿੱਡ ਨੂੰ ਝੁਲਕਾ ਦੇਣ ਲਈ ਸਰਕਾਰ ਦੇ ਮੁਫ਼ਤ ਰਾਸ਼ਨ 'ਤੇ ਨਿਰਭਰ ਹਨ। ਰੋਜ਼ੀ ਰੋਟੀ ਲਈ ਇਹ ਗਰੀਬ ਵਰਗ ਜਿੱਧਰ ਵੀ ਆਸ ਦੀ ਕਿਰਨ ਦਿਸਦੀ ਹੈ, ਉੱਧਰ ਹੀ ਭੱਜਦਾ ਹੈ। ਹਾਲਾਤ ਜਦੋਂ ਭੁੱਖਮਰੀ ਵਰਗੇ ਹੋਣਗੇ ਤਾਂ ਪਲਾਇਨ (ਪ੍ਰਵਾਸ) ਤਾਂ ਹੋਣਾ ਹੀ ਹੋਇਆ ਅਤੇ ਏਸੇ ਦੀ ਆੜ 'ਚ ਜਦੋਂ ਚੋਣ ਕਮਿਸ਼ਨ ਉਸ ਦਾ ਦੇਸ਼ ਦਾ ਨਾਗਰਿਕ ਬਣੇ ਰਹਿਣ ਦਾ ਅਧਿਕਾਰ ਖੋਹਦਾ ਹੈ ਤਾਂ ਉਸਦਾ ਸੀਨਾ ਤਾਂ ਤਾਰ-ਤਾਰ ਹੋਣਾ ਹੀ ਹੋਇਆ। ਅਜਿਹੇ ਮੌਕੇ 'ਤੇ ਜੇ ਸੰਵਿਧਾਨਕ ਸੰਸਥਾਵਾਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਸਮਝਣ ਦੀ ਬਜਾਏ ਸਖ਼ਤੀ ਨਾਲ ਪੇਸ਼ ਆਉਣ, ਤਾਂ ਲੋਕਾਂ ਦਾ ਵਿਸ਼ਵਾਸ ਡੋਲ ਸਕਦਾ ਹੈ।

ਜਦੋਂ ਇੱਕ ਗਰੀਬ ਵਿਅਕਤੀ ਆਪਣੀ ਉਂਗਲੀ 'ਤੇ ਲੱਗੀ ਸਿਆਹੀ ਨੂੰ ਮਾਣ ਨਾਲ ਦਿਖਾਉਂਦਾ ਹੈ, ਤਾਂ ਉਹ ਲੋਕਤੰਤਰ ਦੀ ਮਜ਼ਬੂਤੀ ਦਾ ਪ੍ਰਤੀਕ ਹੁੰਦਾ ਹੈ। ਪਰ ਜਦੋਂ ਉਸਨੂੰ ਵੋਟ ਦੇਣ ਤੋਂ ਰੋਕਿਆ ਜਾਂਦਾ ਹੈ, ਤਾਂ ਉਸਦੇ ਮਨ ਵਿਚ ਬੇਗਾਨਗੀ ਦੇ ਭਾਵ ਪੈਦਾ ਹੁੰਦੇ ਹਨ। ਅੱਜ ਵੀ ਦੇਸ਼ ਦਾ ਵੱਡਾ ਵਰਗ ਆਪਣੀ ਰੋਜ਼ੀ-ਰੋਟੀ ਲਈ ਸੰਘਰਸ਼ ਕਰ ਰਿਹਾ ਹੈ। ਮਜਬੂਰੀਆਂ ਦੇ ਕਾਰਨ ਪਲਾਇਨ ਵੀ ਵਧ ਰਿਹਾ ਹੈ। ਜੇਕਰ ਇਨ੍ਹਾਂ ਹਾਲਾਤਾਂ ਵਿਚ ਲੋਕਾਂ ਦੇ ਵੋਟ ਦੇ ਅਧਿਕਾਰ 'ਤੇ ਵੀ ਸਵਾਲ ਖੜ੍ਹੇ ਹੋਣ, ਤਾਂ ਇਹ ਲੋਕਤੰਤਰ ਲਈ ਖ਼ਤਰਨਾਕ ਸੰਕੇਤ ਹੈ।

ਚੋਣਾਂ ਨੂੰ ਹਮੇਸ਼ਾਂ ਲੋਕਤੰਤਰ ਦਾ ਤਿਉਹਾਰ ਮੰਨਿਆ ਗਿਆ ਹੈ। ਇਸ ਵਿਚ ਹਰ ਨਾਗਰਿਕ ਦੀ ਭਾਗੀਦਾਰੀ ਦਰਕਾਰ ਹੈ। ਪਰ ਭਾਰਤੀ ਚੋਣ ਅਯੋਗ ਲੋਕਾਂ ਦੀਆਂ ਸਮੱਸਿਆਵਾਂ ਨੂੰ ਦਰਕਿਨਾਰ ਕਰ ਕੇ ਕਿਸੇ ਵਿਸ਼ੇਸ਼ ਧਿਰ ਦੇ ਹੱਕ 'ਚ ਭੁਗਤਦਾ ਨਜ਼ਰ ਆ ਰਿਹਾ ਹੈ। ਜੇਕਰ ਲੋਕਾਂ ਨੂੰ ਹੀ ਲੋਕਤੰਤਰੀ ਚੋਣ ਪ੍ਰਕਿਰਿਆ ਤੋਂ ਦੂਰ ਕੀਤਾ ਜਾਵੇ, ਤਾਂ ਇਹ ਪ੍ਰਣਾਲੀ ਦੀ ਆਤਮਾ 'ਤੇ ਸਵਾਲ ਖੜ੍ਹਾ ਕਰਦਾ ਹੈ।

ਪਹਿਲਾਂ ਚੋਣ ਕਮਿਸ਼ਨ ਨੂੰ ਚੋਣਾਂ ਵਿਚ ਹਿੰਸਾ ਅਤੇ ਧਾਂਧਲੀ ਦੀ ਚਿੰਤਾ ਹੁੰਦੀ ਸੀ, ਪਰ ਹੁਣ ਧਿਆਨ ਕਥਿਤ ਅਯੋਗ ਵੋਟਰਾਂ 'ਤੇ ਵੱਧ ਦਿੱਤਾ ਜਾ ਰਿਹਾ ਹੈ। ਸਵਾਲ ਇਹ ਹੈ ਕਿ ਕੀ ਵੋਟਰਾਂ ਪ੍ਰਤੀ ਇਸ ਤਰ੍ਹਾਂ ਦਾ ਸਖ਼ਤ ਰਵੱਈਆ ਲੋਕਤੰਤਰ ਲਈ ਘਾਤਕ ਸਾਬਤ ਨਹੀਂ ਹੋਵੇਗਾ? ਕੀ ਦੇਸ਼ ਦੇ ਚੋਣ ਅਯੋਗ ਦੀ ਵੋਟਰਾਂ ਪ੍ਰਤੀ ਦੋ ਟੁੱਕ 'ਦਫ਼ਾ ਹੋ ਜਾਓ' ਦੀ ਨੀਤੀ ਲੋਕਤੰਤਰ ਦੇ ਲਈ ਘੁਣ ਨਹੀਂ ਬਣ ਜਾਏਗੀ? ਜੇ ਸਮੇਂ ਸਿਰ ਇਸ 'ਤੇ ਵਿਚਾਰ ਨਾ ਕੀਤਾ ਗਿਆ, ਤਾਂ ਇਹ ਸੰਵਿਧਾਨਕ ਮੁੱਲਾਂ ਅਤੇ ਲੋਕਤੰਤਰਿਕ ਕਦਰਾਂ-ਕੀਮਤਾਂ ਲਈ ਖ਼ਤਰਾ ਬਣ ਸਕਦਾ ਹੈ। ਲੋਕਤੰਤਰ ਸਿਰਫ਼ ਚੋਣਾਂ ਨਾਲ ਨਹੀਂ, ਸਗੋਂ ਲੋਕਾਂ ਦੇ ਭਰੋਸੇ ਨਾਲ ਚੱਲਦਾ ਹੈ। ਜੇ ਇਹ ਭਰੋਸਾ ਹੀ ਡਗਮਗਾਉਣ ਲੱਗ ਪਏ, ਤਾਂ ਸਭ ਤੋਂ ਵੱਡਾ ਖ਼ਤਰਾ ਕਿਸੇ ਸਰਕਾਰ ਨੂੰ ਨਹੀਂ, ਸਗੋਂ ਪੂਰੇ ਲੋਕਤੰਤਰਕ ਢਾਂਚੇ ਨੂੰ ਹੁੰਦਾ ਹੈ। ਲੋਕਤੰਤਰ ਦੀ ਅਸਲ ਤਾਕਤ ਵੋਟਰ ਦੇ ਹੱਥ ਵਿਚ ਹੁੰਦੀ ਹੈ, ਪਰ ਜਦੋਂ ਵੋਟਰ ਨੂੰ ਹੀ ਆਪਣੀ ਹੋਂਦ ਸਾਬਤ ਕਰਨੀ ਪਵੇ, ਤਾਂ ਇਹ ਲੋਕਤੰਤਰੀ ਪ੍ਰਣਾਲੀ ਲਈ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ। ਬਿਹਾਰ ਤਾਂ ਝਾਕੀ ਹੈ, ਬੰਗਾਲ ਅਜੇ ਬਾਕੀ ਹੈ-ਇਹ ਸਿਰਫ਼ ਸਲੋਗਨ ਨਹੀਂ, ਸਗੋਂ ਲੋਕਤੰਤਰਿਕ ਢਾਂਚੇ ਉਤੇ ਉਠਦੇ ਸਵਾਲ, ਸ਼ੱਕ ਅਤੇ ਅਵਿਸ਼ਵਾਸ ਦੀ ਝਾਕੀ ਬਣਦਾ ਜਾ ਰਿਹਾ ਹੈ।

# ਪੈਲਾਟਾਈਨ ਗੁਰਦੁਆਰਾ ਸਾਹਿਬ ਦੇ ਨਵੇਂ ਪ੍ਰਬੰਧਕੀ ਬੋਰਡ ਦਾ ਗਠਨ

## ਸ. ਤਰਲੋਚਨ ਸਿੰਘ ਮੁਲਤਾਨੀ ਮੁੱਖ ਸੇਵਾਦਾਰ ਨਿਯੁਕਤ

**ਪੈਲਾਟਾਈਨ:** ਗੁਰਦੁਆਰਾ ਸਾਹਿਬ, ਪੈਲਾਟਾਈਨ ਦੇ ਪ੍ਰਬੰਧਕੀ ਬੋਰਡ ਦੀਆਂ 5 ਅਪਰੈਲ ਨੂੰ ਹੋਈਆਂ ਚੋਣਾਂ ਵਿਚ ਪੰਥਕ ਸਲੇਟ ਦੇ ਚਾਰ ਤੇ ਚੜ੍ਹਦੀ ਕਲਾ ਦੇ 2 ਮੈਂਬਰ ਜੇਤੂ ਰਹੇ ਸਨ। ਇਨ੍ਹਾਂ ਨਵੇਂ ਚੁਣੇ ਗਏ ਮੈਂਬਰਾਂ ਤੇ ਪੁਰਾਣੇ ਚਾਰ ਬੋਰਡ ਮੈਂਬਰਾਂ ਵਿਚੋਂ ਗੁਰਦੁਆਰਾ ਸਾਹਿਬ ਦੇ ਨਵੇਂ ਪ੍ਰਧਾਨ ਅਤੇ ਬਾਕੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਨਵੀਂ ਕਮੇਟੀ ਵਿਚ ਸ. ਤਰਲੋਚਨ ਸਿੰਘ ਮੁਲਤਾਨੀ ਨੂੰ ਗੁਰਦੁਆਰਾ ਸਾਹਿਬ ਦਾ ਮੁੱਖ ਸੇਵਾਦਾਰ, ਸ. ਬ੍ਰਹਮ ਸਤਿੰਦਰ ਸਿੰਘ ਸੁਸਾਣਾ ਧਾਰਮਿਕ ਸਕੱਤਰ, ਸੀਰਤ ਕੌਰ ਕਲੇਰ ਨੂੰ ਕਾਰਜਕਾਰੀ ਸਕੱਤਰ, ਸ. ਅਮਨਦੀਪ ਸਿੰਘ ਖਜ਼ਾਨਚੀ, ਸ. ਸਤਨਾਮ ਸਿੰਘ ਗਿੱਲ ਲੰਗਰ ਤੇ ਨਿਸ਼ਕਾਮ ਕਾਰ ਸੇਵਾ ਇੰਚਾਰਜ, ਸ. ਗੁਰਕੀਰਤ ਸਿੰਘ ਗਿੱਲ ਗੁਰਮਤਿ ਸਕੂਲ ਅਤੇ ਲਾਇਬ੍ਰੇਰੀ ਇੰਚਾਰਜ ਬਣਾਏ ਗਏ ਹਨ। ਇਸ ਤੋਂ ਇਲਾਵਾ ਗੁਰਿੰਦਰ ਸਿੰਘ ਸੰਧੂ ਨੂੰ ਮੈਡੀਕਲ ਕਲੀਨਿਕ ਦਾ ਇੰਚਾਰਜ, ਸੀ ਆਈ ਸੀ ਲਈ ਬੀਬੀ ਸੁਰਿੰਦਰ ਕੌਰ ਸੰਘਾ ਨੂੰ ਚੇਅਰਪਰਸਨ, ਗੁਰਦੀਪ ਸਿੰਘ ਸੰਘਾ ਸੈਕਟਰੀ ਅਤੇ ਕਰਮਜੀਤ ਸਿੰਘ ਭਟਨੂਰਾ ਮੈਂਬਰ ਬਣੇ ਹਨ।

ਅਰਦਾਸ ਤੋਂ ਬਾਅਦ ਸ. ਤਰਲੋਚਨ ਸਿੰਘ ਮੁਲਤਾਨੀ ਨੇ ਸਾਰੇ ਬੋਰਡ ਮੈਂਬਰਾਂ ਨੂੰ ਸੰਗਤ ਦੇ ਰੂ-ਬ-ਰੂ ਕੀਤਾ ਅਤੇ ਆਖਿਆ ਕਿ ਚੋਣਾਂ ਤਾਂ ਸਿਰਫ਼ ਇਕ ਪ੍ਰਕਿਰਿਆ ਹੈ ਜੋ ਪੂਰੀ ਕੀਤੀ ਗਈ ਹੈ, ਉਂਜ ਸਾਰਾ ਪ੍ਰਬੰਧਕੀ ਬੋਰਡ ਸੰਗਤ ਨਾਲ ਰਲ-ਮਿਲ ਕੇ ਅਤੇ ਸੰਗਤ ਦੀ ਸਲਾਹ ਨਾਲ ਹੀ ਸਾਰੇ ਕਾਰਜ ਨੇਪਰੇ ਚਾੜ੍ਹੇਗਾ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਸਾਹਿਬ ਦੇ ਨਵੇਂ ਬਣੇ ਪ੍ਰਧਾਨ ਸ. ਤਰਲੋਚਨ ਸਿੰਘ ਮੁਲਤਾਨੀ ਪਿਛਲੇ ਤਿੰਨ-ਚਾਰ ਦਹਾਕਿਆਂ ਤੋਂ ਗੁਰਦੁਆਰਾ ਸਾਹਿਬ ਵਿਖੇ ਵੱਖ-ਵੱਖ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਸੰਗਤ ਵਿਚ ਉਨ੍ਹਾਂ ਦਾ ਖਾਸ ਮੁਕਾਮ ਹੈ ਤੇ ਉਹ ਵਰ੍ਹਿਆਂ ਤੋਂ ਹਰ ਕਿਸੇ ਦੇ ਸੁਖ-ਦੁਖ ਵਿਚ ਸ਼ਰੀਕ ਹੁੰਦੇ ਰਹੇ ਹਨ। ਗੁਰਬਾਣੀ ਬਾਰੇ ਉਨ੍ਹਾਂ ਦੇ ਗਿਆਨ ਦਾ ਹਰ ਕੋਈ ਕਾਇਲ ਹੈ। ਸ੍ਰੀ ਗ੍ਰੰਥ ਸਾਹਿਬ ਜੀ ਦੇ ਕਿਹੜੇ ਪੰਨੇ 'ਤੇ ਕਿਸ ਗੁਰੂ ਸਾਹਿਬਾਨ ਦਾ ਕਿਹੜਾ ਸ਼ਬਦ ਹੈ, ਉਨ੍ਹਾਂ ਨੂੰ ਸਭ ਜ਼ਬਾਨੀ ਯਾਦ ਹੈ। ਉਨ੍ਹਾਂ ਦੇ ਮਿਲਾਪੜੇ, ਮਿੱਠ ਬੋਲੜੇ, ਤੇ ਨਿੱਘੇ ਸੁਭਾਅ ਅਤੇ ਸਭ ਨਾਲ ਵਧੀਆ ਮਿਲਵਰਤਨ ਕਾਰਨ ਹੀ ਸੰਗਤ ਵਿਚ ਉਨ੍ਹਾਂ ਦਾ ਸਤਿਕਾਰ ਹੈ।

ਸ. ਤਰਲੋਚਨ ਸਿੰਘ ਮੁਲਤਾਨੀ 1993 ਵਿਚ ਗੁਰਦੁਆਰਾ ਸਾਹਿਬ ਪੈਲਾਟਾਈਨ ਦੇ ਧਾਰਮਿਕ ਸਕੱਤਰ, 1995-96 ਵਿਚ ਪ੍ਰਧਾਨ ਅਤੇ 2022 ਤੋਂ 2026 ਤਕ ਮੁੜ ਧਾਰਮਕ ਸਕੱਤਰ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ। ਮਿਡਵੈਸਟ ਦੇ ਸਾਰੇ ਗੁਰੂਘਰ ਉਨ੍ਹਾਂ ਦੇ ਗੁਰਬਾਣੀ ਗਿਆਨ ਕਰਕੇ ਉਨ੍ਹਾਂ ਦੀਆਂ ਸੇਵਾਵਾਂ ਲੈਂਦੇ ਰਹਿੰਦੇ ਹਨ।


ਸ਼ਿਕਾਗੋ ਵਿਚ ਦੋ ਵਾਰੀ 'ਪਾਰਲੀਮੈਂਟ ਆਫ ਵਰਲਡ ਰਿਜ਼ਨ' 1993 ਅਤੇ 2023 ਵਿਚ ਹੋਇਆ, ਦੋਨੋਂ ਵਾਰ ਸ. ਮੁਲਤਾਨੀ ਗੁਰਦੁਆਰਾ ਸਾਹਿਬ ਦੇ ਧਾਰਮਿਕ ਸਕੱਤਰ ਸਨ ਤੇ ਉਨ੍ਹਾਂ ਇਸ ਦੀ ਅਗਵਾਈ ਕੀਤੀ। ਜ਼ਿਕਰਯੋਗ ਹੈ ਕਿ ਸੰਨ 1893 ਵਿਚ ਜਦੋਂ ਸ਼ਿਕਾਗੋ ਵਿਚ ਪਾਰਲੀਮੈਂਟ ਆਫ ਵਰਲਡ ਰਿਜ਼ਨ ਹੋਇਆ ਤਾਂ ਉਦੋਂ ਸਵਾਮੀ ਵਿਵੇਕਨੰਦ ਜੀ ਆਏ ਸਨ, ਪਰ ਉਦੋਂ ਇਸ ਪਾਰਲੀਮੈਂਟ ਵਿਚ ਸਿੱਖਾਂ ਦੀ ਕੋਈ ਸ਼ਮੂਲੀਅਤ ਨਾ ਦੇ ਬਰਾਬਰ ਸੀ। ਉਸ ਤੋਂ 100 ਸਾਲਾਂ ਬਾਅਦ ਸਿੱਖ ਰਿਲੀਜੀਅਸ ਸੁਸਾਇਟੀ ਨੇ ਪਹਿਲੀ ਵਾਰ ਇਸ ਵਿਚ ਹਿੱਸਾ ਲਿਆ। ਉਸ ਸਮੇਂ ਪਾਰਲੀਮੈਂਟ ਆਫ ਵਰਲਡ ਰਿਜ਼ਨ ਦੇ ਟਰੱਸਟੀ ਸ. ਬਲਵੰਤ ਸਿੰਘ ਹੰਸਰਾ ਸਨ ਅਤੇ ਧਾਰਮਿਕ ਸਕੱਤਰ ਸ. ਤਰਲੋਚਨ ਸਿੰਘ ਮੁਲਤਾਨੀ, ਜਿਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਸਿੱਖਾਂ ਦੀ ਇਹ ਸ਼ਮੂਲੀਅਤ ਸੰਭਵ ਹੋ ਸਕੀ। 2023 ਵਿਚ ਜਦੋਂ ਦੁਬਾਰਾ 'ਪਾਰਲੀਮੈਂਟ ਆਫ ਵਰਲਡ ਰਿਜ਼ਨ' ਹੋਈ, ਸਿੱਖਾਂ ਦੀ ਪਰੈਜ਼ੈਂਟੇਸ਼ਨ ਕਰਵਾਈ ਗਈ, ਜਿਸ ਵਿਚ ਸਾਰੇ ਧਰਮਾਂ ਦੇ ਲੋਕਾਂ ਨੇ ਸਿੱਖਾਂ ਬਾਰੇ ਜਾਣਿਆ। ਉਸ ਸਮੇਂ ਧਾਰਮਕ ਸਕੱਤਰ ਸ. ਤਰਲੋਚਨ ਸਿੰਘ ਮੁਲਤਾਨੀ ਸਨ।

ਗੁਰਦੁਆਰਾ ਸਾਹਿਬ ਦੇ ਨਵੇਂ ਪ੍ਰਬੰਧਕੀ ਬੋਰਡ ਵਿਚ ਇਸ ਵਾਰ ਨੌਜਵਾਨਾਂ ਨੂੰ ਖਾਸ ਅਹੁਦੇ ਦਿੱਤੇ ਗਏ ਹਨ, ਜੋ ਨੌਜਵਾਨ ਪੀੜ੍ਹੀ ਨੂੰ ਅਗੇ ਲੈ ਕੇ ਆਉਣ, ਉਨ੍ਹਾਂ ਨੂੰ ਅਗਵਾਈ ਕਰਨ ਦੇ ਮੌਕੇ ਦੇਣ ਅਤੇ ਉਨ੍ਹਾਂ ਰਾਹੀਂ ਹੋਰਨਾਂ ਬੱਚਿਆਂ ਨੂੰ ਵੀ ਸਿੱਖੀ ਨਾਲ ਜੋੜਨ ਦਾ ਵਧੀਆ ਉਪਰਾਲਾ ਹੈ। ਇਹ ਨੌਜਵਾਨ ਅੰਗਰੇਜ਼ੀ ਅਤੇ ਪੰਜਾਬੀ ਦੋਵਾਂ ਭਾਸ਼ਾਵਾਂ ਵਿਚ ਅਗਲੀ ਪੀੜ੍ਹੀ ਨੂੰ ਸਹਿਜੇ ਹੀ ਸਾਰੀ ਜਾਣਕਾਰੀ ਮੁਹੱਈਆ ਕਰਵਾ ਸਕਦੇ ਹਨ ਤੇ ਸਾਰੇ ਡਿਗਰੀ ਹੋਲਡਰ ਵਧੀਆ ਪੜ੍ਹੇ-ਲਿਖੇ ਨੌਜਵਾਨ ਹਨ। ਸਾਰੇ ਬੋਰਡ ਮੈਂਬਰ ਕਈ ਵਰ੍ਹਿਆਂ ਤੋਂ ਗੁਰਦੁਆਰਾ ਸਾਹਿਬ ਵਿਚ ਵੱਖ-ਵੱਖ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਸੰਗਤ ਨੂੰ ਉਮੀਦ ਹੈ ਕਿ ਉਹ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਆਪਸੀ ਸਹਿਯੋਗ ਅਤੇ ਭਾਈਚਾਰੇ ਦੀ ਭਾਵਨਾ ਨਾਲ ਵਧੀਆ ਤਰੀਕੇ ਨਾਲ ਚਲਾਉਣਗੇ।

**ਮੁੱਖ ਸੇਵਾਦਾਰ**



ਸ. ਤਰਲੋਚਨ ਸਿੰਘ ਮੁਲਤਾਨੀ

| ਧਾਰਮਿਕ ਸਕੱਤਰ | ਕਾਰਜਕਾਰੀ ਸਕੱਤਰ | ਖਜ਼ਾਨਚੀ | ਲੰਗਰ ਤੇ ਨਿਸ਼ਕਾਮ ਕਾਰ ਸੇਵਾ ਇੰਚਾਰਜ | ਗੁਰਮਤਿ ਸਕੂਲ ਅਤੇ ਲਾਇਬ੍ਰੇਰੀ ਇੰਚਾਰਜ |
|---|---|---|---|---|
|  |  |  |  |  |
| ਸ. ਬ੍ਰਹਮ ਸਤਿੰਦਰ ਸਿੰਘ | ਸੀਰਤ ਕੌਰ ਕਲੇਰ | ਸ. ਅਮਨਦੀਪ ਸਿੰਘ | ਸ. ਸਤਨਾਮ ਸਿੰਘ ਗਿੱਲ | ਸ. ਗੁਰਕੀਰਤ ਸਿੰਘ ਗਿੱਲ |

**ਚੇਅਰਪਰਸਨ ਸੀਆਈਸੀ**



ਬੀਬੀ ਸੁਰਿੰਦਰ ਕੌਰ ਸੰਘਾ


ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮਹਿ ਹਉ ਕਰੋ ਨਿਵਾਸ॥



ਅਮਰਜੀਤ ਢੀਂਡਸਾ

ਸਮੂਹ ਸੰਗਤਾਂ ਨੂੰ ਖਾਲਸਾ ਸਿਰਜਣਾ ਦਿਹਾੜੇ ਦੀ ਢੀਂਡਸਾ ਪਰਿਵਾਰ ਵੱਲੋਂ



ਲਖਵੀਰ ਢੀਂਡਸਾ

ਲੱਖ ਲੱਖ ਵਧਾਈ

'ਖ਼ਾਲਸਾ' ਦਿਹਾੜੇ 'ਤੇ ਇਸ ਪੱਖ ਤੋਂ ਵਿਚਾਰ ਅਹਿਮ ਹੈ ਕਿ ਗੁਰੂ ਨਾਨਕ ਸਾਹਿਬ ਵੱਲੋਂ ਸਾਜੀ ਸਿੱਖੀ ਨੂੰ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੂਰਨ ਖ਼ਾਲਸਾ ਦਾ ਸਰੂਪ ਬਖਸ਼ਿਆ। ਇਸ ਦੀ ਵਿਲੱਖਣਤਾ ਸੰਸਾਰ ਪੱਧਰ 'ਤੇ ਮਨੁੱਖੀ ਹੱਕਾਂ, ਮਾਨਵੀ ਬਰਾਬਰੀ ਅਤੇ ਸਰਬੱਤ ਦੇ ਭਲੇ ਪੱਖੋਂ ਉਜਾਗਰ ਹੋਣਾ ਹੀ 'ਸਿੱਖ ਵਿਰਾਸਤ ਦਿਹਾੜਾ' ਸਹੀ ਅਰਥਾਂ ਵਿਚ ਮਨਾਉਣਾ ਕਿਹਾ ਜਾ ਸਕਦਾ ਹੈ।


PUNJABI CULTURAL SOCIETY CHICAGO
ਪੰਜਾਬੀ ਸਭਿਆਚਾਰਕ ਸਭਾ
Punjabi Cultural Society of Chicago
Celebrating 30+ Years of Community Service
To Celebrate Vaisakhi PCS Presents...
ਰੰਗਲਾ ਪੰਜਾਬ
Rangla Punjab 2026!
Enjoy a colorful family style evening full of excitement featuring Bhangra, Gidha, Dances, Bolian, Punjabi Songs, Skits and much more!!
Saturday, April 25, 2026
5:00 PM - 10:00 PM
Copernicus Center
5216 W Lawrence Ave
Chicago, IL 60630
$125 (VIP Seats with Dinner)
$65 (Preferred Seats), $40 (General Seating)
• Assigned Seats for all • Limited Free Parking • Children Under 5 yr Free (Need to be in Lap)
Scan me!
Sponsors & Advertisements Encouraged
Please email: info@PCSChicago.org or call: (847) 359-5PCS
More Information at:
https://www.pcschicago.org
Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org
PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.
Chief Guest
S. Darshan Singh Dhaliwal & Debra Dhaliwal (Pravasi Bharatiya Samman Award Recipient)
PCS Board of Directors 2026
Dr. Primal Kaur (Honorary Chairwoman)
Bikram Singh Sohi (President)
Gurlal S. Bhattal (Vice President)
Parmjot S. Parmar (Director at large)
Gurpreet Sidhu (Executive Secretary)
Jigerdeep Singh Dhillon (Finance Secretary)
Paramvir Kaur (Women's Empowerment Director)
Tejveer S. Soodan (Youth Director)
Amitpaul Singh (IT Director)
Kevindeep Atwal (Inter- community Director)
Navtej S. Sohi (Past President)
Dr. Param Singh (Past Chairman)
PCS Board of Governors
Rajinder S. Mago
Mohinderjit S. Saini
Harwinder Paul S. Lail
Bhinder S. Pamma
Jasbir S. Palia
Balwinder S. Girn
Amarjit K. Atwal
Vick Singh
PCS Board of Advisors
Manjeet S. Bhalla
Bhupinder S Dhaliwal
Parvinder Singh Nanua
Gurmit S. Dhillon
Surinder Palia

# ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ), ਸ਼ਿਕਾਗੋ

## Rangla Punjab Sponsors



Dr. Bhupinder Singh Saini | Narinder S. Grewal MD | Jaidev S. Bhattal | Dr. Harjinder S. Khaira | Gulzar S Multani | Amarjit Dhindsa | Lakhvir Dhindsa | Ranbir S. Dhaliwal | Gurinder S Grewal | Dr. Vikram Singh Gill | Dr. Amrit Virk | Lucky Sahota



Jagjit Singh Dhindsa | Davinder S. Rangi | Paul Khalil | Nick Balwinder | Happy Heer | Sarwan S. Tiwana | Dharminder khatra | Yadwinder khatra | Sukhmel S Atwal | Dr. Amrik Singh Sohi | Dr. Gagandeep S. Grover | Parminder S. Goldi



Amritpal S. Mangat | Parbhdeep S. Nanua | Avtar Bhaura | Iqbal Singh Saini | Jaskaran Dhaliwal | Rajinder Dayal | Dr. Hargurmukh pal Singh | Lakhwinder Singh | Rajdeep Pamma | Dr. Mandeep Gill | Harpartap Chahal | Jasbir Suga



Pinky Saini | Dalvir Kaur Parmar | Midha Mahilpuria | Swaran Singh Sekhon | Jassi Dhaliwal | Manjit S. Dhanoa | Pali Dhaliwal | Harkewal Singh Lally | Lakhbir S. Sandhu | Amrik Singh | Harbhajan S Kalyanpur | Jairam S. Kahlon

## Sher-E-Punjab Sports & Cultural Club, Chicago



Pindi Chhina | Baljit Tiwana | Jaswinder Gill | Deepinder Virk | Honey Khangura | Kamaljit Ghuman | Jindi Khangura | Jinder Benipal | Onkar S Sahota | Goldy Lally | Harjinder Samra | Manjit Singh | Manmohan S. Bhathal | Navjot Singh

## Sher-E-Punjab Sports Club, Chicago (Midwest)



Lakhwinder Singh | Jasroop singh | Amritpal Mangat | Amritpal Gill | Deepa Bandesha | Gurdev S. Gill | Parminder S. Walia | Amardev S. Bandesha | Balwinder Chatha | Darshan Pamma | Amarjit Bandesha | Manjinder Singh

## Punjab Sports Club, Chicago



Santokh S. Ghuman | Lucky Sahota | Ajaib S. Lakhan | Happy Heer | Dr. Harjinder Khaira | Narinder S. Sran | Jaskaran Dhaliwal | Rajinder Dayal | Harwinder Billa | Hardeep Gill | Parminder Saimbi | Jaspal Midha


abbvie

PAO www.paochicago.org

NORTHERN TRUST

PATEL BROTHERS

HT HAMPSHIRE TIRES

HAWK TRUCK DRIVING SCHOOL

SIKH Religious Society ਗੁਰਦੁਆਰਾ ਪੈਲਾਟਾਈਨ

copernicus center

icons printing & signs

Taste of India FINE DINING BISTRO




5Rivers ENTERTAINMENT








Sun Shawn Inc.

NEW YORK LIFE

ALFA TOOLS

Everything you need in Real Estate, All in One Place



RE/MAX SAWA

Licenced Illinois & Wisconsin States.

Why pay rent if you can buy Find Out How much you can qualify! Get Free Pre-Approval

Jesse Singh 847-606-3664

Buying, Selling, Renting or Investing

Buy through us Get 40% Cash Back New Construction 60% Cash Back.

Selling Commission just pay only 1%

CALL FOR MORE INFORMATION

Jesse Singh 847-606-3664
WEBSITE: jsingh.remax.com;
E-Mail: jsingh@remax.net


(If your property is currently listed with a REALTOR, please disregard. It is not our intent to solicit the offerings of other REALTORS.)

# Celebrating 31 Years of Service!



## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਕੁਲ ਲੋਕਾਈ ਨੂੰ ਕੋਟਾਨਿ-ਕੋਟਿ ਵਧਾਈ

'ਖ਼ਾਲਸਾ' ਦਿਹਾੜੇ 'ਤੇ ਇਸ ਪੱਖ ਤੋਂ ਵਿਚਾਰ ਅਹਿਮ ਹੈ ਕਿ ਗੁਰੂ ਨਾਨਕ ਸਾਹਿਬ ਵੱਲੋਂ ਸਾਜੀ ਸਿੱਖੀ ਨੂੰ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੂਰਨ ਖ਼ਾਲਸਾ ਦਾ ਸਰੂਪ ਬਖਸ਼ਿਆ। ਇਸ ਦੀ ਵਿਲੱਖਣਤਾ ਸੰਸਾਰ ਪੱਧਰ 'ਤੇ ਮਨੁੱਖੀ ਹੱਕਾਂ, ਮਾਨਵੀ ਬਰਾਬਰੀ ਅਤੇ ਸਰਬੱਤ ਦੇ ਭਲੇ ਪੱਖੋਂ ਉਜਾਗਰ ਹੋਣਾ ਹੀ 'ਸਿੱਖ ਵਿਰਾਸਤ ਦਿਹਾੜਾ' ਸਹੀ ਅਰਥਾਂ ਵਿਚ ਮਨਾਉਣਾ ਕਿਹਾ ਜਾ ਸਕਦਾ ਹੈ।







**Call us: Harjit S. Batth & Team IACT Direct: 847-366-3826, Office: 847-357-1200**
**HarryB@immediateAir.com, contact@immediateair.com, Website: www.immediateair.com**

## ਵਲੋਂ: ਹਰਜੀਤ ਸਿੰਘ ਹੈਰੀ ਬਾਠ ਅਤੇ ਸਮੂਹ ਬਾਠ ਪਰਿਵਾਰ

# ਹਰਜੀਤ ਦਿਉਲ ਦੇ ਪ੍ਰਤੀਕਰਮ 'ਤੇ ਪ੍ਰਤੀਉੱਤਰ

'ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ'

ਇਹ ਪੰਕਤੀਆਂ ਗੁਰੂ ਨਾਨਕ ਸਾਹਿਬ ਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 766 'ਤੇ ਰਾਗੁ ਸੂਹੀ ਵਿਚ ਰਚੀ ਬਾਣੀ ਵਿਚੋਂ ਹਨ। ਇਨ੍ਹਾਂ ਪੰਕਤੀਆਂ ਵਿਚ ਗੁਰੂ ਨਾਨਕ ਉਪਦੇਸ਼ ਦਿੰਦੇ ਹਨ ਕਿ ਜੇ ਕਿਸੇ ਨੂੰ ਗੁਣਾਂ ਦਾ ਭਰਿਆ ਡੱਬਾ ਮਿਲ ਜਾਵੇ (ਇਥੇ ਭਾਵ ਖੁਸ਼ਬੋ ਵਾਲੀਆਂ ਵਸਤਾਂ ਤੋਂ ਹੈ) ਤਾਂ ਉਹ ਡੱਬਾ ਖੋਲ੍ਹ ਕੇ ਉਸ ਡੱਬੇ ਵਿਚਲੀ ਖੁਸ਼ਬੋ ਲੈ ਲੈਣੀ ਚਾਹੀਦੀ ਹੈ। ਇਸੇ ਤਰ੍ਹਾਂ ਜੇ ਮਨੁੱਖ ਚਾਹੁੰਦਾ ਹੈ ਕਿ ਉਸ ਅੰਦਰ ਗੁਣ ਪੈਦਾ ਹੋਣ ਤਾਂ ਗੁਰਮੁਖਾਂ ਨੂੰ ਮਿਲ ਕੇ ਉਨ੍ਹਾਂ ਨਾਲ ਗੁਣਾਂ ਦੀ ਸਾਂਝ ਕਰਨੀ ਚਾਹੀਦੀ ਹੈ। ਔਗੁਣਾਂ ਨੂੰ ਅੰਦਰੋਂ ਤਿਆਗ ਕੇ, ਗੁਣਾਂ ਨੂੰ ਨਾਲ ਲੈ ਕੇ ਜੀਵਨ-ਪੰਧ 'ਤੇ



**ਡਾ. ਗੁਰਨਾਮ ਕੌਰ, ਕੈਨੇਡਾ**

ਅੱਗੇ ਵਧਿਆ ਜਾ ਸਕੀਦਾ ਹੈ। ਸਭ ਨਾਲ ਪ੍ਰੇਮ ਅਤੇ ਭਲਾਈ ਕਰਨ ਦਾ ਉਪਰਾਲਾ ਕਰਕੇ, ਔਗੁਣਾਂ ਦਾ ਟਾਕਰਾ ਕਰਕੇ ਜੀਵਨ ਘੋਲ ਨੂੰ ਜਿੱਤਿਆ ਜਾ ਸਕਦਾ ਹੈ:

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸਿ ਲਈਜੈ॥
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥3॥

'ਪੰਜਾਬ ਟਾਈਮਜ਼' ਦੇ 4 ਅਪਰੈਲ ਵਾਲੇ ਅੰਕ ਵਿਚ ਈਰਾਨ ਦੇ ਪ੍ਰਮੁੱਖ ਲੀਡਰਾਂ ਦੀ ਲੜੀ ਵਿਚ ਸ਼ੁਮਾਰ ਅਲੀ ਲਾਰੀਜਾਨੀ ਦੀ ਮੌਤ ਉਪਰੰਤ ਉਸ 'ਤੇ ਮੇਰਾ ਲੇਖ ਛਪਣ 'ਤੇ ਹਰਜੀਤ ਦਿਉਲ ਨੂੰ ਬਹੁਤ ਜ਼ਿਆਦਾ ਤਕਲੀਫ਼ ਹੋਈ ਹੈ ਪਰ ਜ਼ਰੂਰੀ ਨਹੀਂ ਜਿਵੇਂ ਮੈਂ ਸੋਚਦੀ ਹਾਂ, ਹਰ ਕੋਈ ਅਲੀ ਲਾਰੀਜਾਨੀ ਬਾਰੇ ਉਵੇਂ ਹੀ ਸੋਚਦਾ ਹੋਵੇ। ਚੀਜ਼ਾਂ ਨੂੰ ਦੇਖਣ ਦਾ ਹਰ ਇੱਕ ਦਾ ਆਪੋ-ਆਪਣਾ ਨਜ਼ਰੀਆ ਹੁੰਦਾ ਹੈ। ਮੈਂ ਗੁਰਬਾਣੀ ਦੀ ਵਿਦਿਆਰਥਣ ਹਾਂ ਮੇਰੇ ਸਾਹਮਣੇ ਗੁਰੂ ਨਾਨਕ ਦਾ ਉਪਰ ਦਿੱਤਾ ਉਪਦੇਸ਼ ਹੈ ਕਿ 'ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ।' ਇਸ ਧਾਰਨਾ ਅਨੁਸਾਰ ਮੈਂ ਅਲੀ ਲਾਰੀਜਾਨੀ ਦੇ ਗੁਣਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਅਤੇ ਮੈਂ ਉਨ੍ਹਾਂ ਤੋਂ ਪ੍ਰਭਾਵਤ ਹੋਈ ਹਾਂ। ਕਿਸੇ ਵੀ ਬਦਲਾਅ ਦੇ, ਸਿਸਟਮ ਦੇ ਦੋ ਪਹਿਲੂ ਹੋਇਆ ਕਰਦੇ ਹਨ, ਇੱਕ ਨਹੀਂ। ਮੇਰੇ ਸਾਹਮਣੇ ਇਸ ਵੇਲੇ ਉਹ ਧੱਕਾ ਅਤੇ ਜ਼ੁਲਮ ਹੈ ਜੋ ਇਜ਼ਰਾਈਲ ਫਲਸਤੀਨ ਦੇ ਲੋਕਾਂ ਨਾਲ ਕਰਦਾ ਆ ਰਿਹਾ ਹੈ ਖਾਸ ਕਰਕੇ ਪਿਛਲੇ 7 ਅਕਤੂਬਰ 2023 ਤੋਂ ਗਾਜ਼ਾ ਪੱਟੀ ਦੇ ਵਸਨੀਕਾਂ 'ਤੇ ਜੋ ਕੁੱਝ ਇਜ਼ਰਾਈਲ ਅਮਰੀਕਾ ਦੀ ਮਿਲੀ-ਭੁਗਤ ਨਾਲ ਕਰ ਰਿਹਾ ਹੈ; ਜਿਸ ਵਿਚ ਹੁਣ ਤੱਕ ਸੱਤਰ ਹਜ਼ਾਰ ਤੋਂ ਵੱਧ ਫਲਸਤੀਨੀ ਮਾਰੇ ਜਾ ਚੁੱਕੇ ਹਨ ਜਿਨ੍ਹਾਂ ਵਿਚ ਦਸ ਹਜ਼ਾਰ ਬੱਚੇ ਹਨ, ਡਾਕਟਰ, ਪੱਤਰਕਾਰ, ਸਮਾਜ-ਸੇਵੀ, ਸਿਹਤ ਵਿਭਾਗ ਨਾਲ ਜੁੜਿਆ ਅਮਲਾ-ਫੈਲਾ ਅਤੇ ਇਸਤ੍ਰੀਆਂ ਸ਼ਾਮਲ ਹਨ। ਇਥੇ ਮੈਂ ਇੱਕ ਫਲਸਤੀਨੀ ਯਹੂਦੀ ਜੋ ਕੈਨੇਡਾ ਵਿਚ ਕੈਰੋਪਰੈਕਟਰ ਹੈ, ਤੋਂ ਕਰੋਨਾ ਕਾਲ ਤੋਂ ਵੀ ਪਹਿਲਾਂ ਦੀ ਸੁਣੀ ਗੱਲ ਸਾਂਝੀ ਕਰਨੀ ਚਾਹੁੰਦੀ ਹਾਂ ਜੋ ਹਰ ਸਾਲ ਆਪਣੇ ਘਰ ਫਲਸਤੀਨ ਵਿਚ ਛੁੱਟੀਆਂ ਕੱਟਣ ਜਾਂਦਾ ਹੈ। ਉਸ ਦਾ ਕਹਿਣਾ ਸੀ ਕਿ ਸਾਡੀਆਂ ਜਨਾਨੀਆਂ (ਫਲਸਤੀਨੀ ਔਰਤਾਂ) ਨਾਲ, ਬੱਚਿਆਂ ਨਾਲ ਇਜ਼ਰਾਈਲੀ ਫ਼ੌਜੀ ਬਦਸਲੂਕੀ ਕਰਦੇ ਹਨ, ਤਸ਼ੱਦਦ ਕਰਦੇ ਹਨ। ਸਾਡੇ ਬੱਚਿਆਂ ਕੋਲ ਕੋਈ ਹਥਿਆਰ ਨਹੀਂ, ਵੱਧ ਤੋਂ ਵੱਧ ਪੱਥਰ ਜਾਂ ਸੋਟੀਆਂ ਹੀ ਹਨ ਪ੍ਰੰਤੂ ਅਮਰੀਕਾ ਬਦਮਾਸ਼ੀ ਕਰਦਾ ਹੈ ਅਤੇ ਸਾਡੇ ਖਿਲਾਫ਼ ਇਜ਼ਰਾਈਲ ਨੂੰ ਆਧੁਨਿਕ ਹਥਿਆਰ ਦਿੰਦਾ ਹੈ। ਕਹਿੰਦਾ ਜੇ ਅਮਰੀਕਾ ਨਾ ਹੋਵੇ ਇਜ਼ਰਾਈਲ ਸਾਡੇ ਮੁੰਡਿਆਂ ਨੂੰ ਫੜ-ਫੜ ਕੇ ਏਦਾਂ ਨਹੀਂ ਮਾਰ ਸਕਦਾ।

ਮੈਂ ਕਾਲਜ ਤੋਂ ਯੂਨੀਵਰਸਿਟੀ ਪਹੁੰਚ ਗਈ ਸੀ ਅਮਰੀਕਾ ਦੀ ਵੀਅਤਨਾਮ 'ਤੇ ਜੰਗ ਹਾਲੇ ਵੀ ਜਾਰੀ ਸੀ; ਭਲਾਂ ਏਸ਼ੀਆ ਦੇ ਧੁਰ ਪੂਰਬ ਵਿਚ ਵਸੇ ਵੀਅਤਨਾਮ ਦੀ ਅਮਰੀਕਾ ਨੂੰ ਕੀ ਤਕਲੀਫ਼ ਸੀ? ਬਹੁਤਾ ਸਮਾਂ ਨਹੀਂ ਹੋਇਆ ਜੋ ਕੁੱਝ ਅਫ਼ਗਾਨਿਸਤਾਨ ਅਤੇ ਇਰਾਕ ਵਿਚ ਵਾਪਰਿਆ। ਕਦੀ ਹਿਊਮਨ ਰਾਈਟਸ ਦੇ ਨਾਮ 'ਤੇ ਜਾਂ ਪ੍ਰਮਾਣੂ ਹਥਿਆਰਾਂ ਦੇ ਬਹਾਨੇ ਨਾਲ ਅਫ਼ਗਾਨਿਸਤਾਨ ਅਤੇ ਇਰਾਕ ਦਾ ਕਿਵੇਂ ਢਾਉ-ਵਾੜਾ ਕੀਤਾ ਗਿਆ ਸਭ ਜਾਣਦੇ ਹਨ। ਵੈਨਜ਼ੁਏਲਾ ਦੇ ਰਾਸ਼ਟਰਪਤੀ ਅਤੇ ਉਸ ਦੀ ਪਤਨੀ ਨੂੰ ਰਾਤੋ-ਰਾਤ ਚੱਕ ਲਿਆ ਗਿਆ। ਅਮਰੀਕਾ ਨੂੰ ਕਿਸੇ ਦੂਸਰੇ ਦੇ ਘਰ ਜਾ ਕੇ ਦਖਲ-ਅੰਦਾਜ਼ੀ ਕਰਨ ਦਾ ਹੱਕ ਕਿਹੜੇ ਹਿਊਮਨ ਰਾਈਟਸ ਦੇ ਅਧੀਨ ਦਿੱਤਾ ਗਿਆ ਹੈ? ਕਿਸੇ ਦਾ ਰਾਸ਼ਟਰਪਤੀ ਜਾਂ ਸਰਕਾਰ ਠੀਕ ਨਹੀਂ, ਇਹ ਉਸ ਮੁਲਕ ਦਾ ਅੰਦਰੂਨੀ ਮਸਲਾ ਹੁੰਦਾ ਹੈ ਜੋ ਉਥੋਂ ਦੇ ਆਵਾਮ ਨੇ ਹੱਲ ਕਰਨਾ ਹੁੰਦਾ ਹੈ; ਦੂਸਰੇ ਲੋਕ ਸੰਕਟ ਸਮੇਂ ਮਨੁੱਖੀ ਹਮਦਰਦੀ ਵਿਚ ਉਨ੍ਹਾਂ ਦੀ ਆਰਥਿਕ ਹਮਾਇਤ ਹੀ ਕਰ ਸਕਦੇ ਹਨ। 1953 ਵਿਚ ਤਾਂ ਈਰਾਨ ਵਿਚ ਲੋਕ ਰਾਜ ਸੀ, ਉਹ ਕਿਸ ਨੇ ਡੇਗਿਆ ਅਤੇ ਰਜ਼ਾ ਸ਼ਾਹ ਦੀ ਤਾਨਾਸ਼ਾਹੀ ਕਾਇਮ ਕੀਤੀ? ਲਿਸਟ ਬੜੀ ਲੰਬੀ ਹੈ ਅਤੇ ਸਾਰੇ ਇਸ ਤੋਂ ਜਾਣੂ ਹਨ ਮੈਂ ਇਸ ਵਿਚ ਨਹੀਂ ਪੈਣਾ। ਇਸਲਾਮਿਕ ਰੈਵੋਲੂਸ਼ਨ ਵਿਚ ਬਹੁਤ ਵੱਡੀਆਂ ਖਾਮੀਆਂ ਹਨ ਅਤੇ ਹੋਣਗੀਆਂ। ਕੱਟੜਤਾ ਭਾਵੇਂ ਧਾਰਮਿਕ ਹੋਵੇ ਅਤੇ ਭਾਵੇਂ ਕਮਿਊਨਿਸਟ ਵਿਚਾਰਧਾਰਾ ਦੀ ਉਹ ਕਦੀ ਵੀ ਸੁਖਾਵੀਂ ਨਹੀਂ ਹੋ ਸਕਦੀ। ਸਟਾਲਿਨ ਦੇ ਵਾਰੇ-ਪਹਿਰੇ ਵਿਚ ਵੀ ਆਮ ਲੋਕਾਂ ਦੇ ਨਾਲ-ਨਾਲ ਵਿਰੋਧ ਦੇ ਸ਼ੱਕ ਵਿਚ ਬੁੱਧੀਜੀਵੀਆਂ, ਲੇਖਕਾਂ ਅਤੇ ਰਾਜਨੀਤਕ ਵਿਰੋਧੀਆਂ ਨੂੰ ਤਸ਼ੱਦਦ ਦਾ ਸ਼ਿਕਾਰ ਵੀ ਹੋਣਾ ਪਿਆ ਅਤੇ ਮਰਨਾ ਵੀ ਪਿਆ। ਮੈਂ ਕਿਸੇ ਵੀ ਕਿਸਮ ਦੀ ਕੱਟੜਤਾ ਦੇ ਹੱਕ ਵਿਚ ਨਹੀਂ ਹਾਂ, ਧਾਰਮਿਕ ਕੱਟੜਤਾ ਦੇ ਤਾਂ ਬਿਲਕੁਲ ਹੀ ਨਹੀਂ ਕਿਉਂਕਿ ਗੁਰਬਾਣੀ ਤਾਂ ਮਨੁੱਖ ਦੇ ਹਿਰਦੇ ਨੂੰ, ਨਜ਼ਰੀਏ ਨੂੰ ਵਿਸ਼ਾਲ ਬਣਾਉਂਦੀ ਹੈ। ਗੁਰਬਾਣੀ ਅਨੁਸਾਰ ਤਾਂ 'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ' ਅਤੇ 'ਰੋਸੁ ਨ ਕੀਜੈ ਉਤਰੁ ਦੀਜੈ' ਦੀ ਸਿੱਖਿਆ ਦਿੱਤੀ ਗਈ ਹੈ; ਸੰਵਾਦ ਰਚਾਉਣ ਅਤੇ ਮਿਲ ਬੈਠਣ ਨਾਲ ਮਸਲੇ ਹੱਲ ਹੁੰਦੇ ਹਨ। ਈਰਾਨ ਜੇ ਇਸਲਾਮਕ ਕੱਟੜਵਾਦ ਦਾ ਸ਼ਿਕਾਰ ਹੈ ਤਾਂ ਇਹ ਅਮਰੀਕਾ ਦੀ ਸਮੱਸਿਆ ਨਹੀਂ ਹੈ, ਇਹ ਈਰਾਨ ਦੇ ਲੋਕਾਂ ਦੀ ਸਮੱਸਿਆ ਹੈ ਅਤੇ ਇਸ ਦਾ ਹੱਲ ਵੀ ਜਦੋਂ ਨਿਕਲਣਾ ਹੈ, ਉਥੋਂ ਦੀ ਪਰਜਾ ਨੇ ਕੱਢਣਾ ਹੈ; ਅਮਰੀਕਾ ਜਾਂ ਇਜ਼ਰਾਈਲ ਨੇ ਨਹੀਂ।

ਈਰਾਨ ਬਾਰੇ ਜਿੰਨਾ ਕੁ ਮੇਰਾ ਸੀਮਤ ਜਿਹਾ ਗਿਆਨ ਹੈ ਉਸ ਅਨੁਸਾਰ ਰਜ਼ਾਸ਼ਾਹ (ਰੇਜ਼ਾਸ਼ਾਹ) ਦੀ ਹਕੂਮਤ ਸਮੇਂ ਉਥੋਂ ਦੀ ਨੌਜੁਆਨ ਪੀੜ੍ਹੀ ਅਯਾਸ਼ੀ ਅਤੇ ਨਸ਼ਿਆਂ ਦੀ ਸ਼ਿਕਾਰ ਹੋ ਗਈ ਸੀ, ਇਥੋਂ ਤੱਕ ਕਿ ਲੜਕੀਆਂ ਵੀ ਨਸ਼ੇ ਕਰਨ ਲੱਗ ਪਈਆਂ ਸੀ। ਕੁੜੀਆਂ ਦੀ ਸਿੱਖਿਆ 27% ਸ਼ਰਤ ਸੀ। ਮੈਨੂੰ ਇਸ ਗੱਲ ਨੇ ਪ੍ਰਭਾਵਿਤ ਕੀਤਾ ਕਿ ਅੱਜ ਉਥੇ ਲੜਕੀਆਂ ਦਾ ਲਿਟਰੇਸੀ ਰੇਟ 99% ਤੱਕ ਹੋ ਗਿਆ ਹੈ ਅਤੇ ਇਸਲਾਮਿਕ ਰੈਵੋਲੂਸ਼ਨ ਉਪਰੰਤ ਉਨ੍ਹਾਂ ਨੇ ਪਿੰਡਾਂ ਵਿਚ ਵੀ ਸਿੱਖਿਆ ਦੇ ਪੁਖਤਾ ਪ੍ਰਬੰਧ ਕੀਤੇ। ਅੱਜ ਈਰਾਨੀ ਕੁੜੀਆਂ ਡਾਕਟਰ, ਇੰਜਨੀਅਰ, ਵਕੀਲ, ਪ੍ਰੋਫੈਸਰ ਤੱਕ ਹਨ। ਹਰਜੀਤ ਦਿਉਲ ਨੇ ਜਿਨ੍ਹਾਂ ਬੀਬੀਆਂ ਦੀ ਗੱਲ ਕੀਤੀ ਹੈ ਉਹ ਵੀ ਵਿੱਦਿਆ ਕਾਰਨ ਹੀ ਆਪਣੇ ਲੋਕਾਂ ਲਈ ਆਵਾਜ਼ ਉਠਾ ਸਕੀਆਂ ਹਨ ਅਤੇ ਨੋਬੇਲ ਪੁਰਸਕਾਰ ਦੀਆਂ ਹੱਕਦਾਰ ਬਣੀਆਂ ਹਨ। ਈਰਾਨ ਬਾਰੇ ਸੋਸ਼ਲ ਮੀਡੀਆ 'ਤੇ ਅਨੇਕਾਂ ਵੀਡੀਓਜ਼ ਮਿਲ ਜਾਂਦੀਆਂ ਹਨ ਜੋ ਕਿਸੇ ਈਰਾਨੀ ਨੇ ਨਹੀਂ ਬਲਕਿ ਗੋਰੇ, ਭਾਰਤੀ ਜਾਂ ਪਾਕਿਸਤਾਨੀ ਯਾਤਰੀਆਂ ਵੱਲੋਂ ਪਾਈਆਂ ਮਿਲਦੀਆਂ ਹਨ; ਜਿਨ੍ਹਾਂ ਵਿਚ ਦੇਖਿਆ ਜਾ ਸਕਦਾ ਹੈ ਕਿ ਈਰਾਨੀ ਔਰਤਾਂ ਦੁਕਾਨਾਂ ਕਰਦੀਆਂ ਹਨ, ਖੁੱਲ੍ਹੀਆਂ ਮੰਡੀਆਂ ਵਿਚ ਸਮਾਨ ਵੇਚਣ ਲਈ ਆਪਣੇ ਸਟਾਲ ਲਾਉਂਦੀਆਂ ਹਨ, ਪਬਲਿਕ ਟਰਾਂਸਪੋਰਟ ਵਿਚ ਆਮ ਬੇਝਿਜਕ ਸਫ਼ਰ ਕਰਦੀਆਂ ਹਨ। ਜਦੋਂ ਜਦੋਂ ਵੀ ਕਦੀ ਰੋਸ ਕਰ ਰਹੀ ਜਨਤਾ ਨਾਲ ਧੱਕਾ ਹੋਇਆ ਹੈ, ਇਸ 'ਤੇ ਗੱਲਬਾਤ ਕਰਦੀ ਰਹੀ ਹਾਂ। ਜਨਵਰੀ ਵਿਚਲੀਆਂ ਘਟਨਾਵਾਂ 'ਤੇ ਵੀ ਕੀਤੀ ਸੀ। ਹਿਜਾਬ ਕਰਕੇ ਜਿਸ ਬੀਬੀ ਨੂੰ ਜਾਨ ਦੇਣੀ ਪਈ ਮੈਂ ਹਰਜੀਤ ਗਿੱਲ ਨਾਲ ਟੀ ਵੀ ਸ਼ੋਅ ਵਿਚ ਗੱਲ ਕੀਤੀ ਹੈ। ਈਰਾਨ ਦੀਆਂ ਜੇਲ੍ਹਾਂ ਵਿਚ ਕੀ ਹੁੰਦਾ ਹੈ? ਇਸ 'ਤੇ ਮੈਂ ਕਈ ਸਾਲ ਪਹਿਲਾਂ ਰੋਕਸਾਨਾ ਸਾਬਰੀ ਦੀ ਲਿਖੀ ਪੁਸਤਕ 'ਬਿਟਵੀਨ ਟੂ ਵਰਲਡਜ਼: ਮਾਈ ਲਾਈਫ ਐਂਡ ਕੈਪਟਿਵਿਟੀ ਇਨ ਈਰਾਨ' ਪੜ੍ਹੀ ਸੀ ਜਿਸ ਨੂੰ ਪੜ੍ਹ ਕੇ ਮੈਂ ਅੰਦਰੋਂ ਹਿੱਲ ਗਈ ਸੀ। ਰੋਕਸਾਨਾ ਸਾਬਰੀ ਅਮਰੀਕਾ ਦੇ ਨਿਊ ਜਰਸੀ ਦੀ ਜੰਮਪਲ ਹੈ ਜਿਸ ਦਾ ਬਾਪ ਰਜ਼ਾ (ਰੇਜ਼ਾ) ਸਾਬਰੀ ਈਰਾਨੀ ਮੂਲ ਦਾ ਅਮਰੀਕਨ ਹੈ ਅਤੇ ਮਾਂ ਅਕੀਕੋ ਸਾਬਰੀ ਜਪਾਨੀ ਮੂਲ ਦੀ ਇਮੀਗਰਾਂਟ ਹੈ। ਰੋਕਸਾਨਾ ਸਾਬਰੀ ਪੱਤਰਕਾਰ ਦੇ ਤੌਰ 'ਤੇ ਕੰਮ ਕਰਦੀ ਸੀ ਅਤੇ ਆਪਣੇ ਪਿਤਾ ਦੀ ਜਨਮਭੂਮੀ ਦੇਖਣ ਈਰਾਨ ਆਈ ਸੀ। ਉਸ ਨੂੰ ਜਾਸੂਸੀ ਦੇ ਇਲਜ਼ਾਮਾਂ ਤਹਿਤ ਈਰਾਨ ਦੀ ਏਵਨ ਜੇਲ੍ਹ ਵਿਚ 2009 ਵਿਚ 101 ਦਿਨ ਰਹਿਣਾ ਪਿਆ ਸੀ। ਮੈਂ ਸੀਰੀਆ ਦੀ ਜੰਮਪਲ, ਪੇਸ਼ੇ ਵਜੋਂ




ਡਾਕਟਰ ਵਫ਼ਾ ਸੁਲਤਾਨ ਦੀ ਸੀਰੀਆ ਦੇ ਵਿਗੜੇ ਹਾਲਾਤਾਂ ਅਤੇ ਧਾਰਮਿਕ ਕੱਟੜਤਾ, ਇਸਤ੍ਰੀਆਂ ਪ੍ਰਤੀ ਰਵੱਈਏ ਬਾਰੇ ਕਿਤਾਬ 'ਗੌਡ ਹੈਟ ਹੇਟਸ' ਵੀ ਪੜ੍ਹੀ ਹੈ।

ਗੁਰੂ ਦੀ ਸਿੱਖਿਆ 'ਤੇ ਚੱਲਦਿਆਂ, ਜਿਥੇ ਵੀ ਕਿਧਰੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ ਮੈਂ ਵਸ ਲਗਦਿਆਂ ਉਸ 'ਤੇ ਧਿਆਨ ਜ਼ਰੂਰ ਦਿੰਦੀ ਹਾਂ। ਬਲੋਚਿਸਤਾਨ ਦੀ ਸਮੱਸਿਆ ਅਤੇ ਵਿਦਿਆਰਥੀ ਕਾਰਕੁਨ ਕਰੀਮਾ ਬਲੋਚ 'ਤੇ ਮੇਰੇ ਲੇਖ 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਪੜ੍ਹੇ ਹੋਣਗੇ। ਈਰਾਨ ਵਿਚ ਜਾਂ ਕਿਧਰੇ ਵੀ ਆਪਣੇ ਹੱਕਾਂ ਲਈ ਲੜ ਰਹੇ ਲੋਕਾਂ 'ਤੇ ਡਾਂਗਾਂ ਜਾਂ ਗੋਲੀਆਂ ਵਰ੍ਹਾਈਆਂ ਜਾਂਦੀਆਂ ਹਨ, ਉਸ ਦੀ ਨਿੰਦਾ ਕਰਨੀ ਬਣਦੀ ਹੈ, ਉਹ ਕਿਸੇ ਤਰ੍ਹਾਂ ਵੀ ਮੁਆਫ ਕਰਨਯੋਗ ਨਹੀਂ ਹੈ। ਰੋਸ-ਪ੍ਰਦਰਸ਼ਨ ਕਰ ਰਹੇ ਲੋਕਾਂ ਨਾਲ ਇਹ ਵਤੀਰਾ ਵੱਡੀਆਂ ਧਰਮ-ਨਿਰਪੱਖ (ਸੈਕੂਲਰ) ਅਤੇ ਲੋਕਰਾਜ (ਡੈਮੋਕਰੇਸੀ) ਦੀਆਂ ਡੀਂਗਾਂ ਮਾਰਨ ਵਾਲੀਆਂ ਸਰਕਾਰਾਂ ਵੀ ਕਰਦੀਆਂ ਹਨ। ਅਮਰੀਕਾ ਵਿਚ ਪਿੱਛੇ ਜਿਹੇ ਮਿਨੀਐਪੋਲਿਸ ਅਤੇ ਹੋਰ ਸ਼ਹਿਰਾਂ ਵਿਚ ਰੋਸ ਪਰਗਟ ਕਰ ਰਹੀ ਜਨਤਾ ਨਾਲ ਇਹੋ ਕੁੱਝ ਵਾਪਰਦਾ ਸਭ ਨੇ ਦੇਖਿਆ ਹੈ। ਤਿੰਨ ਬੱਚਿਆਂ ਦੀ ਮਾਂ ਨੂੰ ਪੁਲਿਸ ਨੇ ਗੋਲੀਆਂ ਨਾਲ ਭੁੰਨ ਦਿੱਤਾ। ਪਿਛਲੇ ਸਾਲ ਫਰਵਰੀ ਮਹੀਨੇ ਮੈਂ ਪੰਜਾਬ ਗਈ ਸੀ, ਅਮਰੀਕਾ ਦੀ ਸਰਕਾਰ ਵੱਲੋਂ ਜਿਸ ਤਰ੍ਹਾਂ ਹੱਥਕੜੀਆਂ ਅਤੇ ਬੇੜੀਆਂ ਲਾ ਕੇ ਲੋਕਾਂ ਨੂੰ ਅੰਮ੍ਰਿਤਸਰ ਏਅਰਪੋਰਟ 'ਤੇ ਉਤਾਰਿਆ ਗਿਆ ਦੇਖ ਕੇ ਮਨ ਲਾਹਣਤਾਂ ਪਾਉਂਦਾ ਸੀ, ਭਾਰਤੀ ਸਰਕਾਰ ਨੇ ਇਸ 'ਤੇ ਆਪਣਾ ਕੋਈ ਰੀਐਕਸ਼ਨ ਦਰਜ ਨਹੀਂ ਕਰਵਾਇਆ। ਲੋਕਾਂ ਨਾਲ ਪਸ਼ੂਆਂ ਵਾਲਾ ਵਰਤਾਉ ਕੀਤਾ ਗਿਆ। ਕੀ ਉਨ੍ਹਾਂ ਉਡਦੇ ਜਹਾਜ਼ ਵਿਚੋਂ ਦੌੜ ਜਾਣਾ ਸੀ? 'ਬਲੈਕ ਲਾਈਵਜ਼ ਮੈਟਰ' ਦੇ ਪ੍ਰਦਰਸ਼ਨਕਾਰੀਆਂ ਨਾਲ ਜੋ ਕੁੱਝ ਵਾਪਰਿਐ ਉਹ ਵੀ ਦੇਖਿਆ ਹੈ। ਅਮਰੀਕਾ ਸੋ ਕਾਲਡ ਡੈਮੋਕਰੈਟਿਕ ਅਤੇ ਹਿਊਮਨ ਰਾਈਟਸ ਦਾ ਮੁਦਈ ਸੈਕੂਲੇਰਿਜ਼ਮ ਦੀ ਆੜ ਹੇਠਾਂ ਮੁਸਲਮਾਨਾਂ ਪ੍ਰਤੀ ਬੇਹੱਦ ਨਫ਼ਰਤ ਦਾ ਪ੍ਰਚਾਰ ਕਰਦਾ ਹੈ। 2003 ਦੀ ਗੱਲ ਹੈ ਮੈਂ ਭਾਰਤ, ਦਿੱਲੀਓਂ ਐਸਪੇਨੋਲਾ, ਨਿਊ ਮੈਕਸੀਕੋ ਜਾਣਾ ਸੀ। ਅਮਰੀਕਾ ਵੱਲੋਂ ਐਮਸਟਰਡਮ ਏਅਰਪੋਰਟ 'ਤੇ ਹੀ ਇਮੀਗਰੇਸ਼ਨ ਚੈਕ ਕੀਤੀ ਜਾ ਰਹੀ ਸੀ। ਮੇਰੇ ਕੋਲੋਂ ਅਮਰੀਕਾ ਜਾਣ ਦਾ ਮਕਸਦ ਅਤੇ ਕੀ ਕੀ ਸਮਾਨ ਹੈ ਸਿਰਫ਼ ਇਹੀ ਪੁੱਛਿਆ ਗਿਆ, ਕੋਈ ਫੋਲਾ-ਫਾਲੀ ਨਹੀਂ ਕੀਤੀ ਅਤੇ ਉਸ 'ਤੇ ਵੀ ਅਫ਼ਸਰ ਨੇ 'ਸੌਰੀ' ਕਿਹਾ; ਪ੍ਰੰਤੂ ਮੇਰੇ ਅੱਗੇ ਜੋ ਮੁਸਲਮਾਨ ਬੰਦਾ ਸੀ ਉਸ ਦੇ ਹੈਂਡ ਬੈਗ ਦੀ ਲੀਰ-ਲੀਰ ਫੋਲੀ ਗਈ। ਭਾਰਤ ਜਿਸ ਨੂੰ ਦੁਨੀਆਂ ਦੀ 'ਲਾਰਜੈਸਟ ਡੈਮੋਕਰੇਸੀ' ਕਿਹਾ ਜਾਂਦਾ ਹੈ ਅਤੇ ਜਿਸ ਦੇ ਸੰਵਿਧਾਨ ਨੂੰ ਸੈਕੂਲਰ ਹੋਣ ਦਾ ਮਾਣ ਪ੍ਰਾਪਤ ਹੈ, ਉਥੇ ਵੀ ਰੋਸ ਦਿਖਾਵਾ ਕਰ ਰਹੇ ਵਿਦਿਆਰਥੀਆਂ, ਕਰਮਚਾਰੀਆਂ ਅਤੇ ਕਿਸਾਨਾਂ 'ਤੇ ਲਾਠੀਚਾਰਜ, ਤਸ਼ੱਦਦ ਅਤੇ ਝੂਠੇ ਪਰਚੇ ਕਰਾਏ ਜਾਂਦੇ ਹਨ, ਬਿਨਾ ਮੁਕੱਦਮਾ ਚਲਾਇਆਂ ਜੇਲ੍ਹਾਂ ਵਿਚ ਸੁੱਟਿਆ ਜਾਂਦਾ ਹੈ; ਆਦਿਵਾਸੀਆਂ ਲਈ ਜੂਝ ਰਹੇ ਪੱਤਰਕਾਰਾਂ, ਬੁੱਧੀਜੀਵੀਆਂ ਅਤੇ ਸਮਾਜਸੇਵੀ ਕਾਰਕੁਨਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਹੋਇਆ ਹੈ। ਲੋਕਾਂ 'ਤੇ ਤਸ਼ੱਦਦ ਕਿਧਰੇ ਵੀ ਹੋਵੇ ਉਹ ਮੁਆਫੀ ਯੋਗ ਨਹੀਂ।

ਪੰਡਤ ਜਵਾਹਰ ਲਾਲ ਨਹਿਰੂ ਦੇ ਕਾਰਜਕਾਲ ਸਮੇਂ ਮੈਂ ਸਕੂਲ ਦੀ ਵਿਦਿਆਰਥਣ ਸੀ; ਮੇਰੇ ਵਰਗੇ ਆਜ਼ਾਦੀ ਵੇਲੇ ਜੰਮਿਆਂ ਦਾ ਜਵਾਹਰ ਲਾਲ ਨਹਿਰੂ ਇੱਕ ਆਈਡੀਅਲ ਸੀ ਜੋ ਅਜਿਹੇ ਗੀਤ ਸਕੂਲਾਂ ਦੀਆਂ ਸਟੇਜਾਂ 'ਤੇ ਆਮ ਸੁਣਦੇ ਸੀ 'ਨਹਿਰੂ ਜੀ ਦਾ ਵੇਲਣਾ ਰੂੰ ਵੇਲੇ ਕਰੇ ਤਰੱਕੀ।' ਪੰਡਤ ਨਹਿਰੂ ਨੇ ਆਜ਼ਾਦ ਭਾਰਤ ਦੀ ਨਵ-ਉਸਾਰੀ ਲਈ ਹਰ ਤਰ੍ਹਾਂ ਦਾ ਇਨਫਰਾਸਟਰੱਕਚਰ ਖੜ੍ਹਾ ਕੀਤਾ- ਵਿਦਿਅਕ ਸੰਸਥਾਵਾਂ ਜਿਵੇਂ ਯੂਨੀਵਰਸਿਟੀਆਂ, ਟੈਕਨੀਕਲ ਅਤੇ ਮੈਡੀਕਲ ਇੰਸਟੀਚਿਊਟਸ, ਇੰਡਸਟਰੀ, ਡੈਮਜ਼ ਆਦਿ ਬਣਾਏ ਜੋ ਨਿਕੰਮੀ ਸਰਕਾਰ ਨੇ ਵੇਚ ਦਿੱਤੀਆਂ। ਡਾਕਟਰ ਮਨਮੋਹਣ ਸਿੰਘ ਨੇ ਭਾਰਤ ਦੀ ਡੁੱਬ ਚੁੱਕੀ ਅਰਥ-ਵਿਵਸਥਾ ਨੂੰ ਮੁੜ ਪੈਰਾਂ ਸਿਰ ਕੀਤਾ ਅਤੇ ਅਮਰੀਕਾ ਨਾਲ ਆਪਣੀਆਂ ਸ਼ਰਤਾਂ 'ਤੇ ਸਮਝੌਤੇ ਕੀਤੇ। ਉਨ੍ਹਾਂ ਨੇ ਪੰਜਾਬ ਦੀ ਤਰੱਕੀ ਲਈ ਜੋ ਵੀ ਪੈਸਾ ਦਿੱਤਾ ਨਿਕੰਮੀ ਅਕਾਲੀ ਸਰਕਾਰ ਨੇ ਉਹ ਪੰਜਾਬ ਦੀ ਭਲਾਈ ਦੀ ਥਾਂ ਕਿਧਰੇ ਹੋਰ ਖਰਚ ਕਰ ਦਿੱਤਾ। ਡਾਕਟਰ ਅਬਦੁਲ ਕਲਾਮ ਬਹੁਤ ਹੀ ਸਤਿਕਾਰ ਯੋਗ ਹਸਤੀ, ਸਾਇੰਸਦਾਨ ਅਤੇ ਰਾਹ-ਦਰਸਾਵਾ ਸਨ। ਇਨ੍ਹਾਂ ਸ਼ਖਸੀਅਤਾਂ ਪ੍ਰਤੀ ਮੇਰੇ ਮਨ ਵਿਚ ਬਹੁਤ ਹੀ ਸਤਿਕਾਰ ਹੈ। ਇਸ ਵੇਲੇ ਮਸਲਾ ਈਰਾਨ ਦੀ ਹੋਂਦ ਦਾ ਹੈ, ਜਿਸ ਲਈ ਸਾਰੇ ਈਰਾਨੀ, ਉਹ ਵੀ ਜੋ ਰੋਸ ਦਿਖਾਵੇ ਕਰਦੇ ਰਹੇ ਹਨ, ਇੱਕਜੁੱਟ ਹਨ। ਈਰਾਨ ਨੇ ਸੋਚਿਆ ਹੋ ਸਕਦਾ ਹੈ ਇਜ਼ਰਾਈਲ ਦੀ ਹੋਂਦ ਨੂੰ ਮਿਟਾਉਣ ਬਾਰੇ ਪ੍ਰੰਤੂ ਈਰਾਨ ਨੇ ਕਦੀ ਵੀ ਇਜ਼ਰਾਈਲ 'ਤੇ ਪਹਿਲਾਂ ਹਮਲਾ ਨਹੀਂ ਕੀਤਾ। ਇਸ ਦੇ ਉਲਟ ਹਮਲਾਵਰ ਇਜ਼ਰਾਈਲ ਦਾ ਸੁਪਰੀਮੋ ਫਲਸਤੀਨ ਦੇ ਨਾਲ-ਨਾਲ ਅਰਬ ਮੁਲਕਾਂ 'ਤੇ ਵੀ ਕਬਜ਼ਾ ਕਰਨਾ, ਉਨ੍ਹਾਂ ਦੀ ਹੋਂਦ ਹੀ ਖਤਮ ਕਰਨੀ ਚਾਹੁੰਦਾ ਹੈ।

ਪੰਜਾਬ ਕਰਜ਼ੇ ਦੀ ਮਾਰ ਹੇਠਾਂ ਗਲ-ਗਲ ਧਸਿਆ ਪਿਆ ਹੈ, ਬੇਰੁਜ਼ਗਾਰੀ ਹੱਦਾਂ ਟੱਪ ਗਈ ਹੈ, ਨਸ਼ਿਆਂ ਅਤੇ ਗੈਂਗ ਕਲਚਰ ਨੇ ਪੰਜਾਬ ਨੂੰ ਪਤਾਲ ਵਿਚ ਧੱਕ ਦਿੱਤਾ ਹੈ। ਸਰਕਾਰੀ ਸੰਸਥਾਵਾਂ, ਸਿਹਤ, ਵਿੱਦਿਆ ਸਭ ਮੂਧੇ ਮੂੰਹ ਹਨ। ਪੰਜਾਬ ਨੂੰ ਬਿਲਕੁਲ ਅਲੀ ਲਾਰੀਜਾਨੀ ਵਰਗਾ ਦ੍ਰਿੜ ਇਰਾਦੇ ਵਾਲਾ ਨੇਤਾ ਚਾਹੀਦਾ ਹੈ ਜੋ ਉਸ ਦੀ ਪਤਨੀ ਮੁਤਾਬਕ ਬਹੁਤ ਹੀ ਹਲੀਮ ਸ਼ਖਸ, ਮੁਲਕ ਪ੍ਰਤੀ ਸੁਹਿਰਦ, ਈਮਾਨਦਾਰ ਅਤੇ ਸਰਕਾਰੀ ਪੈਸਾ ਨਾ ਖਾਣ ਵਾਲਾ ਸੀ; ਅਜਿਹਾ ਨੇਤਾ ਜੋ ਸਖ਼ਤ ਮਿਜ਼ਾਜ ਬੇਸ਼ੱਕ ਹੋਵੇ ਪਰ ਸਿਰਫ਼ ਪੰਜਾਬ ਬਾਰੇ ਸੋਚੇ ਜਿਵੇਂ ਅਲੀ ਲਾਰੀਜਾਨੀ ਈਰਾਨ ਬਾਰੇ ਸੋਚਦਾ ਸੀ ਅਤੇ ਜਿਸ ਦੇ ਗੁਣਾਂ ਦਾ ਗਾਇਣ ਜੋਇ ਕੈਂਟ ਵਾਂਗ ਦੁਸ਼ਮਣ ਖੇਮੇ ਵਿਚ ਬੈਠੇ ਬਦੇਸ਼ੀ ਵੀ ਕਰਨ। ਅਮਰੀਕਾ ਨੇ ਅਲੀ ਲਾਰੀਜਾਨੀ ਦੀ ਡਾਕਟਰ ਧੀ ਨੂੰ ਤਾਂ ਬਰਖਾਸਤ ਕਰ ਦਿੱਤਾ ਪ੍ਰੰਤੂ ਨੇਤਨਯਾਹੂ ਨੂੰ ਮਨੁੱਖੀ ਘਾਣ ਬਦਲੇ ਕੋਈ ਸਜ਼ਾ ਦੇਣ ਦੀ ਥਾਂ ਉਸ ਦੀ ਲਗਾਤਾਰ ਹਥਿਆਰਾਂ ਸਮੇਤ ਕਿਉਂ ਮਦਦ ਕੀਤੀ ਜਾ ਰਹੀ ਹੈ? ਕੋਈ ਜੋ ਵੀ ਲਿਖਦਾ ਹੈ ਉਸ ਦਾ ਜਵਾਬ ਵੀ ਉਸੇ ਨੂੰ ਦੇਣਾ ਬਣਦਾ ਹੈ; ਪ੍ਰੰਤੂ ਜਿੰਨਾ ਕੁ ਮੈਂ ਬੂਟਾ ਸਿੰਘ ਮਹਿਮੂਦਪੁਰ ਨੂੰ ਪੜ੍ਹਿਆ ਹੈ, ਮੈਨੂੰ ਜਾਪਦਾ ਹੈ ਕਿ ਜਿੰਨਾ ਉਸ ਨੇ 'ਅੰਦਰੂਨੀ ਸੰਗਤਿ' ਲਈ ਅਰਬਾਤ ਬਸਤਰ ਅਤੇ ਹੋਰ ਇਲਾਕਿਆਂ ਦੇ ਆਦਿਵਾਸੀਆਂ 'ਤੇ ਹੋ ਰਹੇ ਜ਼ੁਲਮ, ਕਸ਼ਮੀਰੀਆਂ ਨਾਲ ਹੋ ਰਹੇ ਧੱਕੇ ਜਾਂ ਤਸ਼ੱਦਦ ਦਾ ਸ਼ਿਕਾਰ ਹੋ ਰਹੇ ਭਾਰਤੀਆਂ ਦੇ ਹੱਕ ਵਿਚ ਲਿਖਿਆ ਹੈ ਉਹ ਸ਼ਾਇਦ ਹੀ ਕਿਸੇ ਹੋਰ ਨੇ ਲਿਖਿਆ ਹੋਵੇ। ਅਜਮੇਰ ਸਿੰਘ ਨੂੰ ਬਹੁਤ ਨੇੜਿਓਂ ਜਾਣਦੀ ਹੋਣ 'ਤੇ ਵੀ ਮੈਂ ਉਸ ਦੀ ਵਿਚਾਰਧਾਰਾ ਨਾਲ ਬਿਲਕੁਲ ਸਹਿਮਤ ਨਹੀਂ ਹਾਂ, ਪ੍ਰੰਤੂ ਕੀ ਜਜ਼ਬੇ ਤੋਂ ਬਿਨਾਂ ਲੜਿਆ ਜਾ ਸਕਦਾ ਹੈ? ਅੱਜ ਈਰਾਨ ਦੇ ਲੋਕ ਇਕਜੁੱਟ ਹੋ ਕੇ ਲੜ ਰਹੇ ਹਨ ਇਹ ਜਜ਼ਬਾ ਹੀ ਤਾਂ ਹੈ। ਹਰ ਇੱਕ ਦੀ ਆਪੋ-ਆਪਣੀ ਸੋਚ ਹੈ ਪ੍ਰੰਤੂ ਹਰ ਬੰਦੇ ਨੂੰ ਪਹਿਲਾਂ ਆਪਣੇ ਈਥੋਸ, ਆਪਣੇ ਪਿਛੋਕੜ, ਆਪਣੇ ਇਤਿਹਾਸ ਅਤੇ ਸਭਿਆਚਾਰ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

## ਅਮਰੀਕਾ-ਇਰਾਨ ਜੰਗ: ਗੱਲਬਾਤ ਬਨਾਮ ਨਾਕਾਬੰਦੀ

(ਸਫ਼ਾ 9 ਦਾ ਬਾਕੀ)

ਮਨੁੱਖੀ-ਚੇਨ ਬਣਾ ਕੇ ਬਦੀ ਦੇ ਧੁਰੇ ਨੂੰ ਦੱਸ ਦਿੱਤਾ ਹੈ ਕਿ ਉਨ੍ਹਾਂ ਦੀ ਘਰੇਲੂ ਲੜਾਈ ਕੁਝ ਵੀ ਹੋਵੇ, ਮੁਲਕ ਦੀ ਰਾਖੀ ਲਈ ਉਹ ਆਪਣੀ ਸਰਕਾਰ ਦੇ ਨਾਲ ਹਨ। ਟਰੰਪ ਵੱਲੋਂ ਸਮੁੰਦਰੀ ਫ਼ੌਜ ਦੇ ਜ਼ੋਰ ਹੋਰਮੁਜ਼ ਨੂੰ ਖੋਲ੍ਹਣ ਲਈ ਨਾਕਾਬੰਦੀ ਸ਼ੁਰੂ ਕਰਵਾ ਦਿੱਤੀ ਗਈ ਹੈ। ਟਰੰਪ ਦਾ ਫ਼ਰਮਾਨ ਹੈ ਕਿ ਇਰਾਨ ਨੂੰ ਟੋਲ ਦੇਣ ਵਾਲੇ ਕਿਸੇ ਵੀ ਜਹਾਜ਼ ਨੂੰ ਲੰਘਣ ਨਹੀਂ ਦਿੱਤਾ ਜਾਵੇਗਾ। ਜਿਨ੍ਹਾਂ ਤੋਂ ਇਰਾਨ ਟੋਲ ਵਸੂਲ ਕਰੇਗਾ ਉਨ੍ਹਾਂ ਦਾ ਇਤਰਾਜ਼ ਤਾਂ ਸਮਝ ਆਉਂਦਾ ਹੈ, ਭਲਾ ਟਰੰਪ ਨੂੰ ਇਤਰਾਜ਼ ਕਿਉਂ? ਕਿਉਂਕਿ ਉਹ ਇਸ ਬਹਾਨੇ ਇਰਾਨ ਦਾ ਤੇਲ ਦਾ ਕਾਰੋਬਾਰ ਤੇ ਕੌਮਾਂਤਰੀ ਮੰਡੀਆਂ ਤੱਕ ਪਹੁੰਚ ਬੰਦ ਕਰਕੇ ਇਰਾਨ ਦੀ ਆਰਥਿਕਤਾ ਦਾ ਗਲਾ ਘੁੱਟਣਾ ਚਾਹੁੰਦਾ ਹੈ। ਉਹ ਚੀਨ ਨੂੰ ਇਰਾਨ ਤੋਂ ਜਾ ਰਹੇ ਤੇਲ ਦੀ ਸਪਲਾਈ 'ਚ ਵਿਘਨ ਪਾਉਣਾ ਅਤੇ ਇਰਾਨ ਤੋਂ ਤੇਲ ਲੈਣ ਵਾਲੇ ਮੁਲਕਾਂ ਨੂੰ ਅਮਰੀਕਾ ਤੋਂ ਮਹਿੰਗਾ ਤੇਲ ਖਰੀਦਣ ਲਈ ਮਜਬੂਰ ਕਰਨਾ ਚਾਹੁੰਦਾ ਹੈ। ਅਸਰਦਾਰ ਹੋਣ ਦੀ ਸੂਰਤ 'ਚ ਨਾਕਾਬੰਦੀ ਇਰਾਨ ਦੀ ਆਰਥਿਕਤਾ ਅਤੇ ਉਸਦੀ ਜੰਗ ਲੜਨ ਦੀ ਸਮਰੱਥਾ ਉੱਪਰ ਵੱਡੀ ਸੱਟ ਸਾਬਤ ਹੋਵੇਗੀ। ਇਸ ਨੂੰ ਬੇਅਸਰ ਕਰਨ ਲਈ ਇਰਾਨ ਦੇ ਸਾਹਮਣੇ ਹੁਣ ਬੇਹੱਦ ਸਖ਼ਤ ਲੜਾਈ ਹੈ। ਉਨ੍ਹਾਂ ਨੇ ਖਾੜੀ ਦੀਆਂ ਸਾਰੀਆਂ ਬੰਦਰਗਾਹਾਂ ਦੀ ਆਵਾਜਾਈ ਬੰਦ ਕਰਨ ਦਾ ਐਲਾਨ ਕਰ ਦਿੱਤਾ ਹੈ।


ਬਰਤਾਨੀਆ ਅਤੇ ਫਰਾਂਸ ਹੋਰਮੁਜ਼ ਮਾਰਗ ਤਾਂ ਖੁੱਲ੍ਹਵਾਉਣਾ ਚਾਹੁੰਦੇ ਹਨ ਪਰ ਉਹ ਟਰੰਪ ਦੀ ਨਾਕਾਬੰਦੀ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ। ਨਾਕਾਬੰਦੀ ਦਾ ਵਿਹਾਰਕ ਅਸਰ ਕੀ ਹੋਵੇਗਾ? ਜਿਨ੍ਹਾਂ ਸਰਕਾਰਾਂ ਦੇ ਜਹਾਜ਼ ਰੋਕੇ ਜਾਣਗੇ, ਕੀ ਉਹ ਇਰਾਨ ਵਿਰੁੱਧ ਟਰੰਪ ਨਾਲ ਖੜ੍ਹਨਗੇ? ਕੀ ਅਮਰੀਕੀ ਫ਼ੌਜ ਚੀਨ, ਰੂਸ ਦੇ ਜਹਾਜ਼ ਵੀ ਰੋਕੇਗੀ? ਅਜਿਹਾ ਹੋਣ ਦੀ ਸੂਰਤ 'ਚ ਰੂਸ ਤੇ ਚੀਨ ਕੀ ਜੰਗ ਦੀ ਧਿਰ ਬਣਨਗੇ ਜਾਂ ਇਸ ਸਥਿਤੀ ਨਾਲ ਕੂਟਨੀਤਕ ਤਰੀਕੇ ਨਾਲ ਨਜਿੱਠਣਾ ਚਾਹੁਣਗੇ? ਚੀਨ ਨੇ ਰੱਖਿਆ ਮੰਤਰੀ ਦਾ ਚੇਤਾਵਨੀਨੁਮਾ ਬਿਆਨ ਆ ਗਿਆ ਹੈ ਕਿ 'ਇਰਾਨ ਨਾਲ ਸਮਝੌਤਿਆਂ ਦੇ ਤਹਿਤ ਸਾਡੇ ਜਹਾਜ਼ ਹੋਰਮੁਜ਼ ਵਿਚ ਆਉਂਦੇ-ਜਾਂਦੇ ਰਹਿਣਗੇ, ਅਮਰੀਕਾ ਇਸ ਵਿਚ ਦਖ਼ਲ ਨਾ ਦੇਵੇ, ਚੀਨ ਵੱਲੋਂ ਇਰਾਨ ਨਾਲ ਕਾਰੋਬਾਰ ਤੇ ਊਰਜਾ ਦੇ ਸਮਝੌਤੇ ਨਿਭਾਏ ਜਾਣਗੇ।' ਪੱਛਮੀ ਏਸ਼ੀਆ ਬਹੁਤ ਨਾਜ਼ੁਕ ਮੋੜ 'ਤੇ ਹੈ। ਟਰੰਪ ਕੁਝ ਵੀ ਦਾਅਵੇ ਕਰੇ, ਜੰਗਬੰਦੀ 21 ਅਪ੍ਰੈਲ ਤੱਕ ਹੈ ਅਤੇ ਮੁੜ ਗੱਲਬਾਤ ਕਰਨ ਦੀ ਜ਼ਰੂਰਤ ਦਾ ਦਬਾਅ ਦੋਹਾਂ ਧਿਰਾਂ ਉੱਪਰ ਹੈ। ਇਹ ਸੰਕੇਤ ਵੀ ਆ ਰਹੇ ਹਨ ਕਿ ਦੁਬਾਰਾ ਗੱਲਬਾਤ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਆਉਣ ਵਾਲੇ ਦਿਨਾਂ ਦਾ ਘਟਨਾ-ਵਿਕਾਸ ਬਹੁਤ ਮਹੱਤਵਪੂਰਨ ਹੋਵੇਗਾ।

ਵੀਅਤਨਾਮ ਯੁੱਧ ਦਾ ਇਤਿਹਾਸ ਗਵਾਹ ਹੈ ਕਿ ਲਹੂ ਦੀ ਤਿਹਾਈ ਸਾਮਰਾਜੀ ਸੁਪਰ ਪਾਵਰ ਤੋਂ ਆਪਣੇ ਵਤਨ ਦੀ ਆਜ਼ਾਦੀ ਦੀ ਰਾਖੀ ਕਰਨ ਲਈ ਸਮਾਜਾਂ ਨੂੰ ਜਾਨੀ-ਮਾਲੀ ਨੁਕਸਾਨ ਦੇ ਰੂਪ ਵਿਚ ਬੇਥਾਹ ਮੁੱਲ ਤਾਰਨਾ ਪੈਂਦਾ ਹੈ। ਨਿਰਸੰਦੇਹ, ਤਬਾਹੀ ਮਚਾਊ ਜੰਗੀ ਮਸ਼ੀਨ ਨਾਲ ਲੈਸ ਅਮਰੀਕਾ-ਇਜ਼ਰਾਈਲ ਇਰਾਨ ਦਾ ਹੋਰ ਵੀ ਵੱਡਾ ਨੁਕਸਾਨ ਕਰ ਸਕਦੇ ਹਨ। ਪਰ ਅਮਰੀਕਾ ਦੀ ਪੁਰਾਣੀ, ਇਕ-ਧਰੁਵੀ ਸੰਸਾਰ ਵਾਲੀ ਧੌਂਸ ਹੁਣ ਨਹੀਂ ਚੱਲੇਗੀ ਕਿਉਂਕਿ ਹੁਣ ਬਦਲੇ ਹੋਏ ਸ਼ਕਤੀ-ਸੰਤੁਲਨ ਵਿਚ ਉਸਦੀ ਦੁਨੀਆਂ ਨੂੰ ਕੰਟਰੋਲ ਕਰਨ ਦੀ ਪਹਿਲਾਂ ਵਾਲੀ ਸਮਰੱਥਾ ਨਹੀਂ ਰਹੀ ਹੈ।

# ਇਹੁ ਜਨਮੁ ਤੁਮਹਾਰੇ ਲੇਖੇ !

## ਕਿਸ਼ਤ - 4

***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਇਸ 18 ਮਾਰਚ ਨੂੰ ਉਹ 90 ਸਾਲ ਦੇ ਹੋ ਗਏ ਹਨ, ਉਨ੍ਹਾਂ ਦਾ ਜਨਮ ਦਿਨ ਮਨਾਉਂਦਿਆਂ ਅਸੀਂ ਇਹ ਨਾਵਲ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਨਾਵਲ ਦੀ ਚੌਥੀ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***




ਮੋਹਨ ਸਿੰਘ ਦੇ ਸ਼ਹਿਰ ਜਲੰਧਰ ਕਵੀ-ਦਰਬਾਰ ਸੀ। ਗੁਰਮੁਖ ਸਿੰਘ ਨੇ ਚਿੰਤਾ ਕੀਤੀ, 'ਜਲੰਧਰ ਪਹਿਲੀ ਵਾਰ ਚੱਲੀ ਹੈਂ, ਮੈਂ ਚਲਿਆ ਚਲਦਾ ਹਾਂ ਤੇਰੇ ਨਾਲ।'

ਜਗਦੀਪ ਉਹਨੂੰ ਨਾਲ ਲੈ ਕੇ ਜਾਣ ਦੀ ਲੀਹ ਹੀ ਨਹੀਂ ਸੀ ਪਾਉਣੀ ਚਾਹੁੰਦੀ। ਕਾਹਦੇ ਲਈ ਆਪ ਵੀ ਪਰੇਸ਼ਾਨ ਹੋਣਾ ਤੇ ਗੁਰੂ ਨੂੰ ਵੀ ਪਰੇਸ਼ਾਨ ਕਰਨਾ। ਉਹਨੂੰ ਕਵੀ-ਦਰਬਾਰਾਂ ਤੇ ਸਾਹਿਤਕ ਸਮਾਗਮਾਂ ਦਾ ਖ਼ੂਬ ਅਨੁਭਵ ਸੀ। ਲੇਖਕਾਂ ਨੇ ਫੁੱਲ ਦੇ ਭੌਰਿਆਂ ਵਾਂਗ ਨਹੀਂ, ਗੁੜ ਦੀਆਂ ਮੱਖੀਆਂ ਵਾਂਗ ਉਹਦੇ ਦੁਆਲੇ ਹੋਣਾ ਸੀ। ਉਹਦੀ ਕਵਿਤਾ ਦੀਆਂ ਹੀ ਨਹੀਂ, ਉਹਦੀਆਂ ਵੀ ਸਿਫ਼ਤਾਂ ਕਰਨੀਆਂ ਸਨ। ਉਹ ਕਿਸੇ ਨੂੰ ਚੁੱਪ ਕਰਨ ਲਈ ਤਾਂ ਕਹਿ ਨਹੀਂ ਸੀ ਸਕਦੀ। ਵੈਸੇ ਵੀ ਗੁਰਮੁਖ ਸਿੰਘ ਨੂੰ ਨਾਲ ਚੁੱਕ ਕੇ ਸਾਹਿਤਕ ਖੇਤਰ ਵਿਚ ਕਿਵੇਂ ਤੇ ਕਿੰਨਾ ਕੁ ਵਿਚਰਿਆ ਜਾ ਸਕਦਾ ਸੀ। ਉਹ ਬੋਲੀ, 'ਗੁਰੂ, ਸਿੱਧੀ ਗੱਡੀ ਜਾਂਦੀ ਹੈ। ਸਟੇਸ਼ਨ ਤੋਂ ਮੈਨੂੰ ਪ੍ਰਬੰਧਕਾਂ ਨੇ ਲੈ ਲੈਣਾ ਹੈ। ਇਸ ਵਿਚ ਚਿੰਤਾ ਵਾਲੀ ਗੱਲ ਕਿਹੜੀ ਹੈ! ਭਾਈਆ



**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
bhullargs@gmail.com

ਜੀ ਤੇ ਝਾਈ ਜੀ ਨੂੰ ਇਕੱਲੇ ਛੱਡ ਕੇ ਤੇ ਦੁਕਾਨ ਬੰਦ ਕਰ ਕੇ ਚੱਲੋਗੇ, ਕਾਹਦੇ ਲਈ। ਨਾਲੇ ਕਵੀ-ਦਰਬਾਰ ਤਾਂ ਹੁੰਦੇ ਹੀ ਰਹਿੰਦੇ ਨੇ, ਕਿਥੇ-ਕਿਥੇ ਚੱਲਿਆ ਕਰੋਗੇ ਮੇਰੇ ਨਾਲ?'

ਕਵੀ-ਦਰਬਾਰ ਮਗਰੋਂ ਮੋਹਨ ਸਿੰਘ ਨੇ ਜਗਦੀਪ ਨਾਲ ਕੁਛ ਹੋਰ ਅਜਿਹੇ ਕਵੀਆਂ ਨੂੰ ਰਾਤ ਦੇ ਖਾਣੇ ਲਈ ਬੁਲਾਇਆ ਜੋ ਉਹਨਾਂ ਦੋਵਾਂ ਦੇ ਦੋਸਤ ਸਨ। ਇਕ ਬੱਸ ਭਰਪੂਰ ਸਿੰਘ ਸ਼ਾਂਤ ਸੀ ਜੋ ਜਗਦੀਪ ਦਾ ਦੋਸਤ ਨਹੀਂ ਸੀ, ਪਰ ਮੋਹਨ ਸਿੰਘ ਨੇ ਆਪਣੇ ਬਹੁਤ ਨੇੜੇ ਹੋਣ ਸਦਕਾ ਬੁਲਾ ਲਿਆ ਸੀ। ਵੈਸੇ ਵਾਕਿਫ਼ ਤਾਂ ਉਸ ਤੋਂ ਜਗਦੀਪ ਵੀ ਹੈ ਹੀ ਸੀ। ਉਥੇ ਜੁੜਨ ਵਾਲੇ ਦੂਜੇ ਸਭ ਕਵੀਆਂ ਨਾਲ ਤਾਂ ਸ਼ਾਂਤ ਦਾ ਚੰਗਾ ਉੱਠਣ-ਬੈਠਣ ਸੀ, ਅੱਜ ਦੀ ਮਹਿਫ਼ਲ ਵਿਚ ਜਗਦੀਪ ਕੋਲ ਬੈਠਣ ਦੇ ਅਵਸਰ ਤੋਂ ਉਹ ਬਹੁਤ ਖ਼ੁਸ਼ ਸੀ। ਕੀ ਪਤਾ, ਕੋਈ ਸਿੱਧੀ ਗੱਲ ਵੀ ਹੋ ਜਾਵੇ। ਕਵੀ-ਦਰਬਾਰਾਂ ਦੇ ਵੱਡੇ ਇਕੱਠਾਂ ਦੀ ਥਾਂ ਇਹੋ ਜਿਹੀ ਛੋਟੀ ਮਹਿਫ਼ਲ ਵਿਚ ਨੇੜਤਾ ਦੀ ਸੰਭਾਵਨਾ ਵੱਧ ਹੁੰਦੀ ਹੈ। ਕੌਣ ਜਾਣੇ, ਅੱਗੇ ਲਈ ਹੋਰ ਨੇੜੇ ਹੋਣ ਦਾ ਰਾਹ ਹੀ ਖੁੱਲ੍ਹ ਜਾਵੇ। ਉਹ ਲੁਧਿਆਣੇ ਨੇੜਲੇ ਇਕ ਪਿੰਡ ਵਿਚ ਰਹਿੰਦਾ ਸੀ। ਕਵਿਤਾ ਲਿਖਦਾ ਵੀ ਵਧੀਆ ਸੀ ਤੇ ਸਟੇਜ ਉੱਤੇ ਬੋਲਣ ਦੀ ਵੀ ਉਹਨੂੰ ਬੜੀ ਜਾਚ ਸੀ। ਪੂਰੇ ਸਵੈਮਾਣ ਨਾਲ ਮਾਈਕ ਸਾਹਮਣੇ ਆਉਂਦਾ ਤੇ ਪੂਰੇ ਨਖ਼ਰੇ ਨਾਲ ਕਵਿਤਾ ਪੜ੍ਹਦਾ। ਉਹ ਉਹਨਾਂ ਕੁਛ ਇਕ ਪੰਜਾਬੀ ਕਵੀਆਂ ਵਿਚੋਂ ਸੀ ਜਿਨ੍ਹਾਂ ਦਾ ਸਾਹਿਤਕ ਕਵੀਆਂ ਵਜੋਂ ਵੀ ਉੱਚਾ ਦਰਜਾ ਸੀ ਤੇ ਸਟੇਜੀ ਕਵੀਆਂ ਵਿਚ ਵੀ ਮੋਹਰੀ ਸਥਾਨ ਸੀ।

ਉਹਨੇ ਕਈ ਵਾਰ ਜਗਦੀਪ ਨਾਲ ਸਾਂਝੀਆਂ ਸਟੇਜਾਂ ਉੱਤੇ ਕਵਿਤਾਵਾਂ ਪੜ੍ਹੀਆਂ ਸਨ। ਸਰਸਰੀ ਮੁਲਾਕਾਤ ਹੁੰਦੀ ਜਿਵੇਂ ਹੋਰ ਕਈ ਕਵੀਆਂ ਨਾਲ ਹੁੰਦੀ ਸੀ। ਵਧੇਰੇ ਜਾਣ-ਪਛਾਣ ਦਾ ਨਾ ਕਦੀ ਕੋਈ ਸਬੱਬ ਬਣਿਆ, ਨਾ ਹੀ ਕੋਈ ਕਾਰਨ। ਇਕ ਗੱਲ ਹੋਰ ਵੀ ਸੀ। ਕਵੀ ਭਾਵੇਂ ਵੱਡਾ ਸੀ, ਇਕ ਸਾਧਾਰਨ ਪੇਂਡੂ ਪਰਿਵਾਰ ਵਿਚ ਜੰਮਿਆ-ਪਲਿਆ ਹੋਣ ਕਰਕੇ ਲੋਕਾਂ ਨਾਲ, ਖਾਸ ਕਰਕੇ ਜਗਦੀਪ ਵਰਗਿਆਂ ਨਾਲ ਸੰਬੰਧ ਬਣਾਉਣ ਵਿਚ ਕੁਛ ਝਿਜਕ ਜਿਹੀ ਤੋਂ ਉਹ ਮੁਕਤ ਨਹੀਂ ਸੀ ਹੋ ਸਕਿਆ। ਸਟੇਜ ਉੱਤੇ ਬੈਠੀ ਜਗਦੀਪ ਨੂੰ ਕਈ ਵਾਰ ਲਗਦਾ ਜਿਵੇਂ ਉਹ ਵਾਰ-ਵਾਰ ਉਹਨੂੰ ਦੇਖਦਾ ਰਹਿੰਦਾ ਹੋਵੇ। ਉਸ ਦੀ ਨਜ਼ਰ ਵਿਚੋਂ ਕੋਈ ਚਾਹ ਝਲਕਦੀ, ਕੋਈ ਇੱਛਾ ਛਲਕਦੀ, ਪਰ ਉਹ ਨੇੜੇ ਆਉਣ ਦੀ ਹਿੰਮਤ ਨਹੀਂ ਸੀ ਕਰਦਾ। ਜਗਦੀਪ ਲਈ ਇਹ ਕੋਈ ਵੱਖਰਾ ਜਾਂ ਨਵਾਂ ਅਨੁਭਵ ਨਹੀਂ ਸੀ। ਬਥੇਰੇ ਲੋਕ ਸਨ ਜੋ ਉਸ ਵੱਲ ਲਲਚਾਈਆਂ ਨਜ਼ਰਾਂ ਨਾਲ ਦੇਖਦੇ ਸਨ। ਨੇੜੇ ਹੋਣ ਦੀ ਕੋਸ਼ਿਸ਼ ਕਰਨ ਦੀ ਹਿੰਮਤ ਕੋਈ-ਕੋਈ ਹੀ ਕਰਦਾ ਸੀ, ਬਾਕੀ ਸਭ ਦੂਰ ਖਲੋਤੇ ਤਰਸਦੇ ਰਹਿੰਦੇ ਸਨ।

ਮੋਹਨ ਸਿੰਘ ਹਰ ਕਿਸੇ ਨੂੰ ਪੁੱਛ ਕੇ ਉਹਦੇ ਗਲਾਸ ਵਿਚ ਵਿਸਕੀ ਪਾ ਰਿਹਾ ਸੀ। ਜਗਦੀਪ ਨੂੰ ਪੁੱਛਿਆ ਤਾਂ ਉਹਨੇ ਨਾਂਹ ਕਰ ਦਿੱਤੀ, 'ਨਹੀਂ, ਮੋਹਨ, ਮੈਨੂੰ ਇਹ ਬਹੁਤ ਤੰਗ ਕਰਦੀ ਹੈ।'

ਸ਼ਾਂਤ ਨੂੰ ਖ਼ੁਸ਼ੀ ਵੀ ਹੋਈ ਤੇ ਹੈਰਾਨੀ ਵੀ। ਇਸ ਦਾ ਮਤਲਬ ਹੈ, ਜਗਦੀਪ ਪੀ ਲੈਂਦੀ ਹੈ ਤੇ ਦੋਸਤਾਂ ਦੀਆਂ ਮਹਿਫ਼ਲਾਂ ਵਿਚ ਵੀ ਪੀ ਲੈਂਦੀ ਹੈ! ਵਾਹ! ਸਿਰਫ਼ ਲਿਖਣ ਵਿਚ ਹੀ ਨਹੀਂ, ਇਹ ਤਾਂ ਜੀਵਨ ਵਿਚ ਵੀ ਬੰਧਨ-ਮੁਕਤ ਔਰਤ ਹੈ! ਦੂਜੀ ਹੈਰਾਨੀ ਉਹਨੂੰ ਮੋਹਨ ਸਿੰਘ ਨੂੰ ਮੋਹਨ ਆਖਣ ਸਦਕਾ ਹੋਈ। ਇਸ ਦਾ ਮਤਲਬ ਸੀ, ਲੋਕ ਜੋ ਦੋਵਾਂ ਦਾ ਨਾਂ ਜੋੜਦੇ ਹਨ, ਠੀਕ ਹੀ ਜੋੜਦੇ ਹਨ। ਤਦੇ ਹੀ ਤਾਂ ਮੋਹਨ ਸਿੰਘ ਨੇ ਬੇਝਿਜਕ ਪੈਗ ਪਾਉਣ ਬਾਰੇ ਪੁੱਛ ਲਿਆ ਸੀ। ਉਸ ਨੂੰ ਅੰਮ੍ਰਿਤਸਰ ਦੀ ਇਕ ਵੱਡੀ ਸਾਹਿਤਕ ਕਾਨਫ਼ਰੰਸ ਚੇਤੇ ਆਈ ਜਿਸ ਵਿਚ ਪੰਜਾਬੀ ਪੁਸਤਕਾਂ ਦੀ ਨੁਮਾਇਸ਼ ਲੱਗੀ ਸੀ ਅਤੇ ਪ੍ਰਮੁੱਖ ਲੇਖਕਾਂ ਦੀਆਂ ਤਸਵੀਰਾਂ ਸਜਾਈਆਂ ਗਈਆਂ ਸਨ। ਰੱਖਣ ਵਾਲੇ ਨੇ ਜਗਦੀਪ ਅਤੇ ਮੋਹਨ ਸਿੰਘ ਦੇ ਵਿਚਕਾਰ ਕਈ ਹੋਰ ਲੇਖਕਾਂ ਦੀਆਂ ਤਸਵੀਰਾਂ ਰੱਖ ਦਿੱਤੀਆਂ ਸਨ। ਇਕ ਕਿਸੇ ਸਾਧਾਰਨ ਪਾਠਕ ਦਿਸਦੇ ਆਦਮੀ ਨੇ ਨੁਮਾਇਸ਼ ਵਿਚ ਘੁੰਮਦਿਆਂ ਉਹਨਾਂ ਦੀਆਂ ਤਸਵੀਰਾ ਇਉਂ ਦੂਰ-ਦੂਰ ਪਈਆਂ ਦੇਖੀਆਂ ਤਾਂ ਇਕਦਮ ਮੋਹਨ ਸਿੰਘ ਕੋਲੋਂ ਸਾਧੂ ਸਿੰਘ ਫੱਕਰ ਦੀ ਤਸਵੀਰ ਚੁੱਕ ਕੇ ਜਗਦੀਪ ਵਾਲੀ ਥਾਂ ਜਾ ਰੱਖੀ ਅਤੇ ਜਗਦੀਪ ਦੀ ਤਸਵੀਰ ਉਥੇ ਲਿਆ ਰੱਖੀ। ਉਹਨੇ ਥੋੜ੍ਹਾ ਪਿੱਛੇ ਹਟ ਕੇ ਕੋਲ-ਕੋਲ ਹੋਈਆਂ ਦੋਵਾਂ ਤਸਵੀਰਾਂ ਨੂੰ ਨਿਹਾਰਿਆ ਅਤੇ ਮੁਸਕਰਾ ਕੇ ਫੇਰ ਨੁਮਾਇਸ਼ ਦੇਖਣ ਜਾ ਲੱਗਿਆ।

ਮੋਹਨ ਸਿੰਘ ਨੇ ਆਪਣੇ ਖਾਸ ਸ਼ਾਇਰਾਨਾ ਅੰਦਾਜ਼ ਵਿਚ ਕਿਹਾ, 'ਆਪਾਂ ਸ਼ਾਇਰ ਲੋਕਾਂ ਨੂੰ ਤੰਗ ਤਾਂ ਇਹ ਦੁਨੀਆ ਵੀ ਕਰਦੀ ਹੈ, ਤਾਂ ਕੀ ਵਿਸਕੀ ਵਾਂਗ ਹੀ ਦੁਨੀਆ ਵੀ ਛੱਡ ਦੇਈਏ! ਜਗਦੀਪ ਜੀ, ਇਸ ਮਹਿਫ਼ਲ ਨੂੰ ਜ਼ਿੰਦਗੀ ਬਖ਼ਸ਼ੋ, ਧੜਕਣ ਬਖ਼ਸ਼ੋ, ਖ਼ੁਮਾਰ ਬਖ਼ਸ਼ੋ ਤੇ ਪਹਿਲੀ ਵਾਰ ਆਏ ਹੋ, ਝਨਾਂ ਦੀ ਬੇਟੀ ਦਾ ਛਿੱਟਾ ਦੇ ਕੇ ਇਸ ਗ਼ਰੀਬਖਾਨੇ ਨੂੰ ਪਵਿੱਤਰ ਕਰੋ!'

ਸਭ ਨੇ ਇਕ-ਜ਼ਬਾਨ ਹੋ ਕੇ ਤਾਈਦ ਕੀਤੀ ਤਾਂ ਸ਼ਾਂਤ ਨੇ ਹਿੰਮਤ ਤੋਂ ਕੰਮ ਲਿਆ ਤੇ ਜਿਵੇਂ ਸਭ ਦੇ ਦਿਲ ਦੀ ਆਖ ਦਿੱਤੀ, 'ਜਗਦੀਪ ਜੀ, ਤੁਹਾਡੇ ਵਰਗੀ ਮੁਹੱਜ਼ਬ ਦੋਸਤ-ਨਵਾਜ਼ ਤੇ ਅਜ਼ੀਮ ਸ਼ਾਇਰਾ ਦਾ ਕਰੀਬੀ ਦੋਸਤਾਂ ਦੀ ਛੋਟੀ ਜਿਹੀ ਨਿੱਜੀ ਮਹਿਫ਼ਲ ਵਿਚ ਇਉਂ ਸੋਫ਼ੀ ਬੈਠਣਾ ਠੀਕ ਤਾਂ ਹੈ ਨਹੀਂ, ਪਰ ਅਸੀਂ ਕਦਰ ਆਖ਼ਰ ਤੁਹਾਡੇ ਫ਼ੈਸਲੇ ਦੀ ਹੀ ਕਰਾਂਗੇ।' ਸਭ ਨੇ ਉਹਦੀ ਹਾਂ ਵਿਚ ਹਾਂ ਮਿਲਾਈ। ਜਗਦੀਪ ਵੀ ਉਸ ਵੱਲ ਦੇਖ ਕੇ ਮੁਸਕਰਾ ਪਈ। ਉਹਨੂੰ ਉਹਦੇ ਵਰਤੇ ਹੋਏ ਵਿਸ਼ੇਸ਼ਣ ਚੰਗੇ ਲੱਗੇ। ਉਹਨੇ ਇਹ ਵੀ ਮਹਿਸੂਸ ਕੀਤਾ ਕਿ ਉਹਦੇ ਗੱਲ ਕਰਨ ਦੇ ਢੰਗ ਵਿਚ ਪੇਂਡੂ ਸਿੱਧੜਪੁਣੇ ਦੀ ਥਾਂ ਸਿਆਣਪ ਤੇ ਸੁਚੱਜ ਸੀ। ਆਪਣੇ ਬਾਹਰੀ ਪ੍ਰਭਾਵ ਦੇ ਉਲਟ ਉਹ ਕਾਫ਼ੀ ਸਲੀਕੇ ਵਾਲਾ ਸੀ।

ਸ਼ਾਂਤ ਨੂੰ ਆਪਣੀ ਦਲੇਰੀ ਦੀ ਹੈਰਾਨੀ ਹੋਈ। ਉਹਨੇ ਮਨ ਹੀ ਮਨ ਆਪਣੇ ਆਪ ਨੂੰ ਸ਼ਾਬਾਸ਼ ਦਿੱਤੀ, 'ਵਾਹ ਬਈ ਭਰਪੂਰ ਸਿੰਘ ਸ਼ਾਂਤ, ਵਾਹ, ਕਮਾਲ ਕਰ ਦਿਖਾਈ ਅੱਜ ਤਾਂ ਤੂੰ!'

ਉਹਨੇ ਸ਼ਾਂਤ ਦੀ ਗੱਲ ਨੂੰ ਬਹੁਤਾ ਮਹੱਤਵ ਦੇਣਾ ਵਾਜਬ ਨਾ ਸਮਝਦਿਆਂ ਪਹਿਲਾਂ ਦੀ ਮੋਹਨ ਸਿੰਘ ਦੀ ਗੱਲ ਦਾ ਜਵਾਬ ਦਿੱਤਾ, 'ਕਦੀ-ਕਦੀ ਸ਼ਾਮ ਦਾ ਪੈਗ ਸਵੇਰ ਦਾ ਸਿਰਦਰਦ ਬਣ ਜਾਂਦਾ ਹੈ। ਜੇ ਅਜਿਹਾ ਹੋ ਗਿਆ, ਭਲਕੇ ਮੈਨੂੰ ਦਿੱਲੀ ਦਾ ਸਫ਼ਰ ਕਰਨਾ ਮੁਸ਼ਕਿਲ ਹੋ ਜਾਵੇਗਾ।'

ਮੋਹਨ ਸਿੰਘ ਹੱਸਿਆ, 'ਤੁਸੀਂ ਇਹ ਕਿਉਂ ਸੋਚਦੇ ਹੋ, ਅੱਜ ਦੀ ਸ਼ਾਮ ਤੁਹਾਡੀ ਉਹ ਕਦੀ-ਕਦੀ ਵਾਲੀ ਸਿਰਦਰਦਾਨਾ ਸ਼ਾਮ ਹੋਵੇਗੀ? ਜੇ ਅਜਿਹਾ ਹੋ ਵੀ ਜਾਵੇ, ਧੰਨਭਾਗ ਮੇਰੇ ਗ਼ਰੀਬਖਾਨੇ ਦੇ! ਤੁਸੀਂ ਬੀਮਾਰ ਪਏ ਰਹਿਣਾ', ਉਹ ਕਹਿਣਾ ਤਾਂ 'ਮੈਂ' ਚਾਹੁੰਦਾ ਸੀ ਪਰ ਬੋਲਿਆ, 'ਸਾਰਾ ਪਰਿਵਾਰ ਤੁਹਾਡੀ ਤੀਮਾਰਦਾਰੀ ਵਾਸਤੇ ਹਾਜ਼ਰ ਰਹੇਗਾ।'

ਸਾਧੂ ਸਿੰਘ ਫੱਕਰ ਕਵੀ ਤਾਂ ਨਹੀਂ ਸੀ, ਗਲਪਕਾਰ ਸੀ, ਪਰ ਸਾਹਿਤ ਦਾ, ਖਾਸ ਕਰਕੇ ਕਵਿਤਾ ਦਾ ਮੰਨਿਆ ਹੋਇਆ ਆਲੋਚਕ ਵੀ ਸੀ। ਪੰਜਾਬੀ ਸਾਹਿਤ-ਸੰਸਾਰ ਵਿਚ ਜਿਨ੍ਹਾਂ ਕੁਛ ਇਕ ਵੱਡੇ ਲੇਖਕਾਂ ਦਾ ਪੂਰਾ ਦਬਦਬਾ ਸੀ, ਫੱਕਰ ਉਹਨਾਂ ਵਿਚੋਂ ਸੀ। ਸਾਹਿਤਕ ਗੋਸ਼ਟੀਆਂ ਤੇ ਕਾਨਫ਼ਰੰਸਾਂ ਦਾ ਪਰਧਾਨ ਤਾਂ ਬਣਾਇਆ ਹੀ ਜਾਂਦਾ, ਬਹੁਤੇ ਵਾਰ ਕਵੀ-ਦਰਬਾਰਾਂ ਦੀ ਪਰਧਾਨਗੀ ਵੀ ਉਸੇ ਤੋਂ ਕਰਵਾਈ ਜਾਂਦੀ। ਲੇਖਕ ਆਪਣੇ ਬਾਰੇ ਉਹਤੋਂ ਲਿਖਵਾਉਣ ਲਈ ਤਾਂਘਦੇ ਰਹਿੰਦੇ। ਆਲੋਚਨਾਤਮਕ ਲੇਖ ਨਾ ਸਹੀ, ਮੁੱਖਬੰਦ ਸਹੀ, ਉਹ ਵੀ ਨਹੀਂ ਤਾਂ ਫੇਰ ਰੀਵਿਊ ਹੀ ਸਹੀ, ਨਹੀਂ ਤਾਂ ਫੇਰ ਫ਼ਲੈਪ ਵਾਸਤੇ ਚਾਰ ਸਤਰਾਂ ਹੀ ਹੋ ਜਾਣ! ਜਗਦੀਪ ਦੀ ਕਵਿਤਾ ਬਾਰੇ ਉਹ ਅਕਸਰ ਲੰਮੇ ਲੇਖ ਲਿਖਦਾ ਰਹਿੰਦਾ ਅਤੇ ਉਹਨੂੰ ਪ੍ਰਮੁੱਖ ਕਵਿੱਤਰੀ ਦਾ ਸਥਾਨ ਦਿੰਦਾ। ਉਸ ਦਾ ਇਉਂ ਕਰਨਾ ਕਈ ਕਵੀਆਂ ਨੂੰ, ਖਾਸ ਕਰ ਕੇ ਕਵਿੱਤਰੀਆਂ ਨੂੰ ਬਹੁਤ ਚੁਭਦਾ। ਸ਼ਾਂਤ ਨੂੰ ਤਾਂ ਖਾਸ ਕਰ ਕੇ ਚੁਭਦਾ। ਇਕ ਤਾਂ ਉਸ ਨੂੰ ਆਪਣੀ ਕਵਿਤਾ ਦਾ ਮਾਣ ਬੜਾ ਸੀ; ਦੂਜੇ, ਉਹਦੀ ਤੇ ਫੱਕਰ ਦੀ ਰਾਜਨੀਤਕ ਵਿਚਾਰਧਾਰਾ ਇਕ ਸੀ ਜਦੋਂ ਕਿ ਜਗਦੀਪ ਦੀ ਤਾਂ ਕੋਈ ਵਿਚਾਰਧਾਰਾ ਹੀ ਨਹੀਂ ਸੀ। ਪਰ ਅੱਜ ਇਹੋ ਜਿਹੀਆਂ ਗੱਲਾਂ ਮਨ ਵਿਚ ਲਿਆਉਣ ਦਾ ਵੇਲਾ ਨਹੀਂ ਸੀ।

ਨਾਂ ਦੀ ਲਾਜ ਪਾਲਦਿਆਂ ਫੱਕਰ ਸੁਭਾਅ ਦਾ ਭਾਵੇਂ ਅਸਲੋਂ ਹੀ ਫੱਕਰ ਸੀ ਪਰ ਬੁੱਧੀ ਦਾ ਏਨਾ ਚਤੁਰ ਸੀ ਕਿ ਬਹੁਤੇ ਲੇਖਕਾਂ ਦੇ ਉਲਟ ਮਹਿਫ਼ਲ ਦਾ ਮਾਹੌਲ ਖ਼ੂਬ ਪਛਾਣਦਾ ਸੀ। ਦੋ-ਚਾਰ ਦੋਸਤ ਰਲ ਬੈਠੇ ਹੋਣ, ਉਹ ਕਮੀਜ਼-ਪਜਾਮੇ ਵਿਚ ਸੌਖਾ ਹੋ ਕੇ ਬੈਠਦਾ ਅਤੇ ਮਾਵੇ ਵਾਲੀ ਪੱਗ ਤੇ ਉਹਦੇ ਨਾਲ ਹੀ ਗੰਭੀਰਤਾ ਤੇ ਸੰਕੋਚ ਪਰੇ ਮੇਜ਼ ਉੱਤੇ ਰੱਖ ਦਿੰਦਾ। ਅੱਜ ਵਰਗੀਆਂ ਮਹਿਫ਼ਲਾਂ ਵਿਚ, ਖਾਸ ਕਰਕੇ ਜੇ ਮਹਿਫ਼ਲ ਵਿਚ ਕੋਈ ਲੇਖਿਕਾ ਵੀ ਸ਼ਾਮਲ ਹੋਵੇ, ਉਹ ਗੰਭੀਰ ਰੂਪ ਧਾਰਦਾ, ਟਾਈ-ਸੂਟ ਸਮੇਤ ਸ਼ਾਮਲ ਹੁੰਦਾ ਅਤੇ ਸਿਆਣੀਆਂ, ਸੰਕੋਚਵੀਆਂ ਟਿੱਪਣੀਆਂ ਕਰਦਾ। ਉਹਨੇ ਬੜੇ ਤਹੱਮਲ ਨਾਲ ਕਿਹਾ, 'ਜਗਦੀਪ ਜੀ, ਨਿਕਟ ਮਿੱਤਰਾਂ ਦੀ ਮਹਿਫ਼ਲ ਹੈ। ਕੋਈ ਅਜਨਬੀ ਤਾਂ ਮੈਨੂੰ ਦਿਖਾਈ ਨਹੀਂ ਦਿੰਦਾ। ਸਾਰੇ ਦੋਸਤਾਂ ਨਾਲ ਜਾਮ ਸਾਂਝਾ ਕਰਨ ਵਿਚ ਕੋਈ ਹਰਜ ਨਹੀਂ। ਜਿੰਨੀ ਦਿਲ ਕਰੇ ਪੀਓ ਪਰ ਦੋਸਤਾਂ ਦਾ ਮਾਣ ਰੱਖੋ, ਮਹਿਫ਼ਲ ਦਾ ਮਾਣ ਰੱਖੋ। ਵੱਡੇ ਸਾਹਿਤਕਾਰ ਨੂੰ ਵੱਡੇ ਦਿਲ ਵਾਲਾ ਹੀ ਹੋਣਾ ਚਾਹੀਦਾ ਹੈ। ਤੁਸੀਂ ਤਾਂ ਸਾਡੇ ਬਹੁਤ ਵੱਡੇ ਸਾਹਿਤਕਾਰ ਹੋ!'

ਮੋਹਨ ਸਿੰਘ ਨੂੰ ਪਤਾ ਸੀ, ਇਕ-ਦੋ ਵਾਰ ਨਾਂਹ-ਨੁੱਕਰ ਕਰ ਕੇ ਉਸ ਦੀ ਗੱਲ ਉਹ ਮੋੜੇਗੀ ਨਹੀਂ। ਹੁਣ ਫੱਕਰ ਦਾ ਕਿਹਾ ਮੋੜਨ ਦਾ ਤਾਂ ਸਵਾਲ ਹੀ ਨਹੀਂ ਸੀ। ਉਹਨੇ ਗਲਾਸ ਜਗਦੀਪ ਦੇ ਹੱਥ ਵਿਚ ਦੇ ਕੇ ਤੇ ਸਾਹਮਣੇ ਖਲੋ ਕੇ ਕਿਹਾ, 'ਦੱਸ ਦੇਣਾ। ਸਾਨੂੰ ਤੁਹਾਡਾ ਰੰਗੀਨ ਸਾਥ ਚਾਹੀਦਾ ਹੈ, ਤੁਹਾਡਾ ਸਿਰਦਰਦ ਨਹੀਂ!'

ਉਹਨੇ ਗਲਾਸ ਨਾਲ ਬੋਤਲ ਦਾ ਮੂੰਹ ਲੱਗਣ ਤੋਂ ਪਹਿਲਾਂ ਹੀ 'ਬੱਸ ਬੱਸ' ਕਿਹਾ ਤਾਂ ਸਾਰੇ ਹੱਸ ਪਏ। ਮੋਹਨ ਸਿੰਘ ਨੇ ਆਪ ਹੀ ਛੋਟਾ ਪੈਗ ਪਾਇਆ। ਉਸ ਦੀ ਪੀਣ ਦੀ ਸਮਰੱਥਾ ਨੂੰ ਉਹ ਚੰਗੀ ਤਰ੍ਹਾਂ ਜਾਣਦਾ ਸੀ।

ਸਭ ਦੇ ਗਲਾਸਾਂ ਵਿਚ ਉਹਨਾਂ ਦੀ ਇੱਛਾ ਅਨੁਸਾਰ ਪਾ ਕੇ ਉਹਨੇ ਆਪਣਾ ਗਲਾਸ ਚੁੱਕਿਆ ਤੇ ਜਾਮ ਤਜਵੀਜ਼ ਕੀਤਾ, 'ਇਹ ਜਾਮ ਇਥੇ ਮਿਲ ਬੈਠੇ ਦੋਸਤਾਂ ਦੀ ਸ਼ਾਇਰੀ, ਖ਼ੁਸ਼ੀ ਤੇ ਸਿਹਤ ਦੇ ਨਾਂ, ਖਾਸ ਕਰਕੇ ਪੰਜਾਬੀ ਕਵਿਤਾ ਦੀ ਤੇ ਇਸ ਮਹਿਫ਼ਲ ਦੀ ਜਿੰਦ-ਜਾਨ ਜਗਦੀਪ ਜੀ ਦੇ ਨਾਂ!'

ਸ਼ਾਂਤ ਜਾਣ-ਬੁੱਝ ਕੇ ਅਜਿਹੀ ਥਾਂ ਬੈਠਾ ਸੀ ਜਿਥੋਂ ਜਗਦੀਪ ਨੂੰ ਸਹਿਜੇ ਹੀ ਦੇਖ ਸਕੇ। ਉਹਨੇ ਗਲਾਸ ਤਾਂ ਮੂੰਹ ਨੂੰ ਲਾ ਲਿਆ ਪਰ ਨਜ਼ਰ ਜਗਦੀਪ ਦੇ ਹੱਥ ਵਿਚ ਫੜੇ ਹੋਏ ਗਲਾਸ ਉੱਤੇ ਟਿਕਾ ਰੱਖੀ। ਉਹ ਦੇਖਣਾ ਚਾਹੁੰਦਾ ਸੀ, ਗਲਾਸ ਦੀ ਕੰਨੀ ਨੂੰ ਬੁੱਲ੍ਹ ਛੁਹਾ ਕੇ ਉਹ ਸ਼ਗਨ ਕਰਦੀ ਹੈ ਜਾਂ ਘੁੱਟ ਵੀ ਭਰਦੀ ਹੈ। ਆਪ ਵੀ ਉਹ ਘੁੱਟ ਉਹਦੇ ਘੁੱਟ ਭਰਨ ਦੇ ਨਾਲ ਹੀ ਭਰਨੀ ਚਾਹੁੰਦਾ ਸੀ।

ਕਵੀ-ਦਰਬਾਰ ਤਾਂ ਹੁੰਦੇ ਹੀ ਰਹਿੰਦੇ ਸਨ ਤੇ ਬਹੁਤ ਵਾਰ ਉਹਨੇ ਸਟੇਜਾਂ ਫ਼ਤਿਹ ਕੀਤੀਆਂ ਸਨ, ਪਰ ਅੱਜ ਸ਼ਾਂਤ ਨੂੰ ਇਕ ਅਨੋਖੀ ਹੀ ਜਿੱਤ ਦਾ ਅਹਿਸਾਸ ਹੋ ਰਿਹਾ ਸੀ। ਪਹਿਲਾ ਜਾਮ ਅੰਦਰ ਜਾਂਦਿਆਂ ਹੀ ਕਵਿਤਾ ਸਾਕਾਰ ਹੋਣ ਲੱਗੀ। ਕਵਿਤਾ ਉਸ ਨੂੰ ਇਉਂ ਹੀ ਉੱਤਰਦੀ ਸੀ। ਮਨ ਸਤਰਾਂ ਸਿਰਜਦਾ ਜਾਂਦਾ ਤੇ ਉਹ ਕਾਗ਼ਜ਼ ਉੱਤੇ ਇਉਂ ਲਿਖਦਾ ਜਾਂਦਾ ਜਿਵੇਂ ਕਿਸੇ ਪਹਿਲਾਂ ਦੀ ਰਚਨਾ ਦਾ ਚੇਤੇ ਵਿਚੋਂ ਉਤਾਰਾ ਕਰ ਰਿਹਾ ਹੋਵੇ। ਲਿਖਦਿਆਂ ਹੋਇਆਂ ਨਾ ਕੁਛ ਕੱਟਣਾ, ਨਾ ਬਦਲਣਾ। ਉਹ ਅਛੋਪਲੇ ਜਿਹੇ ਉੱਠ ਕੇ ਬਾਹਰ ਲਾਅਨ ਵਿਚ ਗਿਆ ਤੇ ਕੁਝ ਮਿੰਟਾਂ ਮਗਰੋਂ ਲਿਖਿਆ ਹੋਇਆ ਕਾਗ਼ਜ਼ ਜੇਬ ਵਿਚ ਸੰਭਾਲ ਕੇ ਪਰਤ ਆਇਆ। ਮੋਹਨ ਸਿੰਘ ਨੇ ਪੁੱਛਿਆ, 'ਸ਼ਾਂਤ, ਮੈਂ ਤਾਂ ਸੋਚਿਆ, ਤੂੰ ਗੁਸਲਖਾਨੇ ਗਿਆ ਹੈਂ। ਬਾਹਰੋਂ ਕਿਧਰੋਂ ਆ ਰਿਹਾ ਹੈਂ?' ਉਹ ਕੋਈ ਉੱਤਰ ਦੇਣ ਦੀ ਥਾਂ ਬੱਸ ਮੁਸਕਰਾ ਪਿਆ ਅਤੇ ਆਪਣੀ ਕੁਰਸੀ ਉੱਤੇ ਆ ਬੈਠਾ।

ਫੱਕਰ ਨੇ ਸਭ ਦੇ ਦਿਲ ਦੀ ਗੱਲ ਕਹੀ, 'ਬਈ, ਸ਼ਾਇਰਾਂ ਦੀ ਮਹਿਫ਼ਲ ਹੈ, ਜਾਮ ਦੇ ਨਾਲ-ਨਾਲ ਸ਼ਾਇਰੀ ਵੀ ਚਲਦੀ ਰਹੇ।'

ਜਗਦੀਪ ਨੇ ਫ਼ਰਮਾਇਸ਼ ਕੀਤੀ, 'ਪਹਿਲ ਮੇਜ਼ਬਾਨ ਦੀ। ਪਹਿਲਾਂ ਕਵਿਤਾ ਮੋਹਨ ਸਿੰਘ ਸੁਣਾਉਣਗੇ।'

ਮੋਹਨ ਸਿੰਘ ਦੀ ਇਕ ਆਦਤ ਬੜੀ ਅਨੋਖੀ ਸੀ। ਕਵਿਤਾ ਦੀ ਪੇਸ਼ਕਾਰੀ ਦੇ ਉਹਦੇ ਦੋ ਰੰਗ ਸਨ। ਉਹ ਜਨਤਕ ਸਟੇਜ ਉੱਤੇ ਕਵਿਤਾ ਪੇਸ਼ ਕਰਦਾ ਤਾਂ ਅੰਦਾਜ਼ ਹੋਰ ਹੁੰਦਾ, ਆਪਣੀ ਸਾਹਿਤਕ ਹੈਸੀਅਤ ਦਾ, ਸਰੋਤਿਆਂ ਉੱਤੇ ਪ੍ਰਭਾਵ ਦਾ ਖ਼ਿਆਲ ਰੱਖਣ ਵਾਲਾ ਸੰਕੋਚਵਾਂ ਸਾਹਿਤਕ ਅੰਦਾਜ਼। ਅੱਜ ਵਰਗੀ ਮਹਿਫ਼ਲ ਵਿਚ ਕਵਿਤਾ ਸੁਣਾਉਣ ਵੇਲੇ ਉਹ ਹੋਰ ਦਾ ਹੋਰ ਹੋ ਜਾਂਦਾ, ਜਿਵੇਂ ਕੋਈ ਸੂਫ਼ੀ ਫ਼ਕੀਰ ਦੀਨ-ਦੁਨੀਆ ਨੂੰ ਭੁੱਲ ਕੇ ਮਸਤ ਹੋਇਆ ਗਾ ਰਿਹਾ ਹੋਵੇ। 'ਬਈ ਹੁਣ ਜਾਮ ਆਪਣੀ ਆਪਣੀ ਇੱਛਾ ਦਾ' ਆਖ ਕੇ ਉਹਨੇ ਆਪਣੇ ਵਾਸਤੇ ਦੂਜਾ ਜਾਮ ਪਾਇਆ ਅਤੇ ਖਾਲੀ ਗਲਾਸ ਰੱਖ ਕੇ ਮਸਤੀ ਵਿਚ ਆ ਨਵਾਂ ਗੀਤ ਗਾਉਣ ਲੱਗਿਆ:

ਨੀ ਅੱਜ ਕੋਈ ਆਇਆ ਸਾਡੇ ਵਿਹੜੇ।
ਤੱਕਣ ਚੰਨ ਸੂਰਜ ਢੁੱਕ ਢੁੱਕ ਨੇੜੇ।
ਲੱਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂੰ,
ਆਇਆ ਨੀ ਖ਼ਬਰੈ ਅੰਬਰ ਘੁੰਮਘੁੰਮ ਕਿਹੜੇ।
ਆਇਆ ਨੀ ਲੱਖ ਨਾਲ ਬਹਾਰਾਂ ਲੈ ਕੇ,
ਭਰੇ ਸੂ ਸਾਡੇ ਅੰਗ ਅੰਗ ਦੇ ਵਿਚ ਖੇੜੇ।
ਚੁੰਮੋ ਨੀ ਇਹਦੇ ਹੱਥ ਚੰਬੇ ਦੀਆਂ ਕਲੀਆਂ,
ਧੋਵੋ ਨੀ ਇਹਦੇ ਪੈਰ ਮੱਖਣ ਦੇ ਪੇੜੇ।
ਰੱਖੋ ਨੀ ਇਹਨੂੰ ਚੁੱਕ ਚੁੱਕ ਚਸ਼ਮਾਂ ਉੱਤੇ,
ਕਰੋ ਨੀ ਇਹਨੂੰ ਘੁੱਟ ਘੁੱਟ ਜਿੰਦ ਦੇ ਨੇੜੇ।
ਬੰਨ੍ਹੋ ਨੀ ਕੋਈ ਪਹਾੜ ਸਮੇਂ ਦੇ ਪੈਰੀਂ,
ਡੱਕੋ ਨੀ ਕੋਈ ਰਾਤ ਦਿਵਸ ਦੇ ਗੇੜੇ।
ਪੁੱਛੋ ਨਾ ਇਹ ਕੌਣ ਤੇ ਕਿਥੋਂ ਆਇਆ,
ਤੱਕੋ ਨੀ ਇਹਦਾ ਰੂਪ ਭੁਲਾ ਸਭ ਝੇੜੇ।

ਗੀਤ ਖ਼ਤਮ ਹੋਇਆ ਤਾਂ ਫੱਕਰ ਕਹਿੰਦਾ, 'ਮੋਹਨ ਸਿੰਘ, ਬਈ ਤੇਰੇ ਨਵੇਂ ਗੀਤ ਦੀ ਹਾਰਦਿਕ ਮੁਬਾਰਕ!' ਤੇ ਫੇਰ ਜਗਦੀਪ ਵੱਲ ਦੇਖ ਕੇ ਬੋਲਿਆ, 'ਭਾਵੇਂ ਮੋਹਨ ਸਿੰਘ ਨੇ ਬੋਲ ਕੇ ਨਹੀਂ ਦੱਸਿਆ, ਜਗਦੀਪ ਜੀ, ਇਸ ਉੱਤਮ ਗੀਤ ਦੀ ਰਚਨਾ ਲਈ ਧੰਨਵਾਦ ਮੈਂ ਤੁਹਾਡਾ ਕਰਾਂਗਾ ਕਿਉਂਕਿ ਤੁਹਾਡੀ ਪ੍ਰੇਰਨਾ ਨੇ ਅਜਿਹਾ ਗੀਤ ਪੰਜਾਬੀ ਸਾਹਿਤ ਦੀ ਝੋਲੀ ਪੁਆ ਦਿੱਤਾ ਹੈ ਜਿਸ ਵਿਚ ਸਾਹਿਤਕ ਇਕੱਤਰਤਾਵਾਂ ਦਾ ਸਵਾਗਤੀ ਗੀਤ ਬਣਨ ਦੀ ਸਮਰੱਥਾ ਵੀ ਹੈ ਤੇ ਸੰਭਾਵਨਾ ਵੀ।'

ਸ਼ਾਂਤ ਦੀ ਪੇਸ਼ਕਾਰੀ ਤਾਂ ਹਮੇਸ਼ਾ ਹੀ ਵਧੀਆ ਹੁੰਦੀ ਸੀ, ਪਰ ਅੱਜ ਤਾਂ ਉਹ ਕਿਸੇ ਹੋਰ ਹੀ ਸੰਸਾਰ ਵਿਚੋਂ ਬੋਲ ਰਿਹਾ ਸੀ। ਉਹਨੇ ਦੱਸਿਆ, ਇਹ ਕੁਛ ਖ਼ਿਆਲ ਇਥੇ ਬੈਠਿਆਂ ਮਨ ਵਿਚ ਆਏ ਤੇ ਹੁਣੇ ਜਦੋਂ ਮੈਂ ਬਾਹਰ ਗਿਆ ਸੀ, ਇਹਨਾਂ ਨੂੰ ਹੀ ਕਾਗ਼ਜ਼ ਉੱਤੇ ਉਤਾਰਨ ਗਿਆ ਸੀ:

ਰੂਪ ਤੇਰੇ ਦੀਆਂ ਸਿਫ਼ਤਾਂ ਸੁਣੀਏ,
ਸਿਫ਼ਤਾਂ ਕਰੇ ਲੋਕਾਈ ਨੀ,
ਸਮਾਂ ਸੁਲੱਖਣਾ ਕਦ ਆਉਣਾ ਹੈ,
ਛੋਹ ਤੇਰੀ ਦੇ ਮਾਣਨ ਦਾ।
ਪਿਆਰ ਤੇਰੇ ਦਾ ਇਕ ਤਰਸੇਵਾਂ,
ਲੱਗਿਆ ਸਾਡੀ ਜਿੰਦੜੀ ਨੂੰ,
ਹਰ ਪਲ ਸਾਨੂੰ ਚੇਤਾ ਰਹਿੰਦਾ,
ਫੁੱਲਾਂ ਵਰਗੀ ਹਾਨਣ ਦਾ।
ਦਿਲ ਦੇ ਨੇੜੇ ਦਿਲ ਨੂੰ ਕਰ ਕੇ,
ਦੋ ਗੱਲਾਂ ਵੀ ਕਰੀਆਂ ਨਾ,
ਫਿਰ ਵੀ ਕਿੱਡੀ ਮੇਰ ਅਸਾਂ ਨੂੰ,
ਇਹ ਕੇਹਾ ਢੰਗ ਜਾਣਨ ਦਾ।
ਕਿੰਨੇ ਜੁੱਗ ਹਨੇਰਿਆਂ ਦੇ ਵਿਚ,
ਭਟਕੇ ਪੈਰ ਨਿਮਾਣੇ ਇਹ,
ਰੱਬ ਕੋਲੋਂ ਹੈ ਲਈ ਮੰਗ ਕੇ,
ਗੋਰੀ ਬੂਟਾ ਚਾਨਣ ਦਾ।
ਆਸ ਆਸਰਾ ਦੇਵੇ ਸਾਨੂੰ,
ਦਿਨ ਮਹਿਕੇ ਹੋਏ ਆਵਣਗੇ,
ਅਜੇ ਤਾਂ ਲੰਘੇ ਪਲ-ਪਲ ਭਾਰਾ,
ਖਾਕ ਥਲਾਂ ਦੀ ਛਾਣਨ ਦਾ!

ਫੱਕਰ ਦੀ ਟਿੱਪਣੀ ਭਾਵੇਂ ਹੁੰਦੀ ਤਾਂ ਸੰਕੋਚਵੀਂ ਪਰ ਉਸ ਤੋਂ ਟਿੱਪਣੀ ਕਰੇ ਬਿਨਾਂ ਰਿਹਾ ਨਹੀਂ ਸੀ ਜਾਂਦਾ। ਦੋ ਸ਼ਬਦਾਂ ਵਿਚ ਹੀ ਪੂਰੀ ਗੱਲ ਆਖ ਦਿੱਤੀ, 'ਮਾਰੇ ਗਏ ਗੁਲਫ਼ਾਮ!' ਤੇ ਉਹ ਆਦਤ ਅਨੁਸਾਰ ਹਾ...ਹਾ...ਹਾ...ਕਰ ਕੇ ਹੱਸ ਪਿਆ। ਬਾਕੀ ਸਭ ਵੀ ਹੱਸ ਪਏ। ਸ਼ਾਂਤ ਆਖ਼ਰ ਸੀ ਤਾਂ ਫੱਕਰ ਦਾ ਦੋਸਤ ਹੀ, ਉਹਨੂੰ ਕੱਚਾ ਜਿਹਾ ਹੋਇਆ ਦੇਖ ਉਹ ਗੰਭੀਰ ਹੋ ਕੇ ਬੋਲਿਆ, 'ਸਾਡੇ ਸਭ ਦੇ ਹਾਸੇ ਕਾਰਨ ਨਿੰਮੋਝੂਣਾ ਨਾ ਹੋ, ਭਰਪੂਰ ਸਿੰਘ ਸ਼ਾਂਤ, ਕਵਿਤਾ ਤੇਰੀ ਮੌਕੇ ਮੁਤਾਬਿਕ ਵਧੀਆ ਹੈ।'

ਸਭ ਕਵੀਆਂ ਦੇ ਸੁਣਾ ਚੁੱਕਣ ਮਗਰੋਂ ਅੰਤ ਵਿਚ ਕੁਛ ਸੁਣਾਉਣ ਦਾ ਮਾਣ ਤਾਂ ਜਗਦੀਪ ਨੂੰ ਮਿਲਣਾ ਹੀ ਸੀ। ਉਹ ਆਵਾਜ਼ ਦੀ ਮੰਨੀ ਹੋਈ ਜਾਦੂਗਰ ਸੀ। ਅੱਜ ਤਾਂ ਇਸ ਮਹਿਫ਼ਲ ਦੀ ਜਿੰਦ-ਜਾਨ ਮੰਨੇ ਜਾਣ ਨੇ ਉਸ ਨੂੰ ਹੋਰ ਹੀ ਰੰਗ ਵਿਚ ਰੰਗ ਦਿੱਤਾ ਸੀ। ਉਹਨੇ ਪਰਸ ਵਿਚੋਂ ਕਾਪੀ ਕੱਢੀ ਤੇ ਕਿਹਾ, ਇਹ ਗ਼ਜ਼ਲ ਪਹਿਲੀ ਵਾਰ ਇਥੇ ਹੀ ਸੁਣਾ ਰਹੀ ਹਾਂ। ਸਬੱਬ ਹੀ ਅਜਿਹਾ ਬਣ ਗਿਆ ਹੈ ਕਿ ਇਹਨੂੰ ਜਲੰਧਰ ਸ਼ਹਿਰ ਦੇ ਨਾਂ ਹੀ ਸਮਝ ਲਵੋ।

ਧਰ ਕੇ ਜਾਨ ਤਲੀ 'ਤੇ ਆਇਆ ਸ਼ਹਿਰ ਤਿਰੇ।
ਫਿਰਦਾ ਹੈ ਇਕ ਬੁੱਤ ਪਰਾਇਆ ਸ਼ਹਿਰ ਤਿਰੇ।
ਕਈ ਸੁਨੇਹੇ ਦਿਲ ਦੇ ਤੈਨੂੰ ਦੇਣੇ ਸੀ,
ਮੈਨੂੰ ਕੁਝ ਵੀ ਯਾਦ ਨਾ ਆਇਆ ਸ਼ਹਿਰ ਤਿਰੇ।
ਉਂਜ ਤਾਂ ਸ਼ਹਿਰ 'ਚ ਸਾਡੇ ਵੀ ਬੇ-ਚੈਨੀ ਸੀ,
ਰਹਿੰਦਾ-ਖੂੰਹਦਾ ਚੈਨ ਗਵਾਇਆ ਸ਼ਹਿਰ ਤਿਰੇ।
ਉਮਰ ਗਈ ਪਰ ਉਸਦਾ ਉੱਤਰ ਨਾ ਆਇਆ,
ਮੈਂ ਜੋ ਤੈਨੂੰ ਖ਼ਤ ਸੀ ਪਾਇਆ ਸ਼ਹਿਰ ਤਿਰੇ।
ਇਸ ਤੋਂ ਅੱਗੇ ਹੋਰ ਵੀ ਮੰਜ਼ਿਲ ਹੋਵੇਗੀ,
ਮੈਂ ਤਾਂ ਆਪਣਾ ਪੰਧ ਮੁਕਾਇਆ ਸ਼ਹਿਰ ਤਿਰੇ।
ਤੇਰੇ ਡੂੰਘੇ ਨੈਣਾਂ ਦੇ ਵਿਚ ਗ਼ਰਕ ਗਿਆ,
ਸੁਣਿਐ, ਹੁਣ ਤੱਕ ਜੋ ਵੀ ਆਇਆ ਸ਼ਹਿਰ ਤਿਰੇ।

ਗ਼ਜ਼ਲ ਹੀ ਅਜਿਹੀ ਸੀ, ਸਭ ਵਾਹ-ਵਾਹ ਕਰ ਉੱਠੇ। ਸ਼ਾਂਤ ਨੇ ਫੇਰ ਹੌਸਲਾ ਕੀਤਾ ਤੇ ਬੜੀ ਚਤੁਰਾਈ ਨਾਲ ਜਗਦੀਪ ਦੀ ਪ੍ਰਸੰਸਾ ਕੀਤੀ, 'ਮੋਹਨ ਸਿੰਘ ਜੀ, ਤੁਹਾਡੇ ਵਿਹੜੇ ਦੇ ਸਾਹਮਣੇ ਜਗਦੀਪ ਜੀ ਨੇ ਪੂਰਾ ਸ਼ਹਿਰ ਵਸਾ ਦਿੱਤਾ ਹੈ! ਮੁਕਾਬਲਾ ਤੁਹਾਡੇ ਲਈ ਕਾਫ਼ੀ ਮੁਸ਼ਕਿਲ ਹੋ ਗਿਆ!'




# ਖਾਲਸਾ ਸਾਜਨਾ ਦਿਵਸ ਦੀ ਸਮੂਹ ਸੰਗਤ ਨੂੰ ਗਰੇਵਾਲ ਪਰਿਵਾਰ ਵਲੋਂ ਕੋਟਾਨਿ-ਕੋਟਿ ਵਧਾਈ

1699 ਦੀ ਵਿਸਾਖੀ ਮੌਕੇ ਕਲਗੀਧਰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜ ਕੇ ਜਾਤ-ਪਾਤ ਦਾ ਭਿੰਨ-ਭੇਦ ਹੀ ਨਹੀਂ ਮਿਟਾਇਆ, ਸਗੋਂ ਇਕ-ਇਕ ਸਿੰਘ ਨੂੰ ਸਵਾ-ਸਵਾ ਲੱਖ ਨਾਲ ਲੜਨ ਦਾ ਬੱਲ ਵੀ ਬਖਸ਼ਿਆ।

ਸਿੰਘ ਸਜੋ ਗੁਰੂ ਵਾਲੇ ਬਣੋ।






ਜਗਪਾਲ ਸਿੰਘ ਗਰੇਵਾਲ | ਮਨਮੋਹਨ ਸਿੰਘ ਗਰੇਵਾਲ | ਨਿਰਮਲ (ਨਿੰਮਾ) ਸਿੰਘ ਗਰੇਵਾਲ | ਬਲਬੀਰ ਸਿੰਘ ਗਰੇਵਾਲ

# ਕਾਮੇਡੀ ਦਾ ਨਵਾਂ 'ਖਿਡਾਰੀ' ਭੌਂਦੂ ਜੱਟ

ਕੁਲਦੀਪ ਸਿੰਘ ਧਨੌਲਾ



ਸੋਸ਼ਲ ਮੀਡੀਆ 'ਤੇ ਵੱਖ-ਵੱਖ ਮੁੱਦਿਆਂ ਉੱਤੇ ਵਿਅੰਗ ਕਰਨ ਵਾਲੇ ਗਗਨਦੀਪ ਸਿੰਘ ਉਰਫ਼ ਭੌਂਦੂ ਜੱਟ ਦਾ ਜਨਮ ਦਿੜ੍ਹਬਾ ਨੇੜਲੇ ਛੋਟੇ ਜਿਹੇ ਪਿੰਡ ਖੇਤਲਾ ਵਿਖੇ ਹੋਇਆ। ਸੋਸ਼ਲ ਮੀਡੀਆ 'ਤੇ ਉਸ ਦੀਆਂ ਰੀਲਜ਼ ਨੂੰ ਲੱਖਾਂ ਲੋਕ ਦੇਖਦੇ ਹਨ, ਜਿਸ ਕਾਰਨ ਉਸ ਦੀ ਪ੍ਰਸਿੱਧੀ ਦਿਨ ਪ੍ਰਤੀਦਿਨ ਵਧਦੀ ਹੀ ਜਾ ਰਹੀ ਹੈ। ਕਾਮੇਡੀ ਦੇ ਖੇਤਰ ਵਿਚ ਉਸ ਦੀ ਇਕ ਵੱਖਰੀ ਪਛਾਣ ਬਣ ਚੁੱਕੀ ਹੈ। ਪੜ੍ਹਾਈ ਵਿਚਾਲੇ ਛੱਡਣ ਦੇ ਬਾਵਜੂਦ ਉਸ ਨੂੰ ਲਿਖਣ ਦੀ ਚੇਟਕ ਲੱਗੀ ਰਹੀ। ਇਸ ਦੌਰਾਨ ਉਹ ਜੱਸੀ ਹੈ ਕਿਉਂਕਿ ਉਨ੍ਹਾਂ ਦੀਆਂ ਮਿੱਠੀਆਂ-ਮਿੱਠੀਆਂ ਧੁਨਾਂ ਅੱਜ ਵੀ ਸਾਡੇ ਕੰਨਾਂ ਵਿਚ ਰਸ ਘੋਲ ਰਹੀਆਂ ਹਨ... ਸਾਹਿਤ ਸਭਿਆਚਾਰ ਮੰਚ ਦਿੜ੍ਹਬਾ ਦਾ ਮੈਂਬਰ ਬਣ ਗਿਆ। ਮੰਚ ਦੇ ਸਰਪ੍ਰਸਤ ਭੀਮ ਸਿੰਘ ਕਾਮਰੇਡ ਨੂੰ ਲਿਖ-ਲਿਖ ਕੇ ਵਿਖਾਉਂਦਾ ਤਿਆਰ ਕਰਨ ਲੱਗ ਪਿਆ। ਫੇਰ ਉਹ ਆਪਣੇ ਪਿੰਡ ਦੇ ਦੋਸਤ ਮਾਸਟਰ ਮੇਜਰ ' ਸਿੰਘ ਨਾਲ ਜੁੜ ਗਿਆ। ਉਸ ਦੀ ਕਲਮ ਤੇ ਸੋਚ ਨੂੰ ਜਾਗ ਲਾਇਆ ਸੋਸ਼ਲ ਮੀਡੀਏ ਨੇ। ਇਸ ਰਾਹੀਂ ਉਹ ਸਿਆਸੀ, ਸਮਾਜਿਕ ਅਤੇ ਹੋਰਨਾਂ ਵਿਸ਼ਿਆਂ 'ਤੇ ਵਿਅੰਗ ਕੱਸਦਾ ਰਹਿੰਦਾ ਹੈ।

ਉਹ ਆਪਣੇ ਵਿਅੰਗ ਵਿਚ ਲੱਚਰਤਾ ਅਤੇ ਦੋ-ਅਰਥੀ ਸ਼ਬਦਾਂ ਨੂੰ ਨੇੜੇ ਨਹੀਂ ਢੁੱਕਣ ਦਿੰਦਾ। ਅਗਲੇ ਮਹੀਨੇ ਆਉਣ ਵਾਲੇ ਸੀਰੀਅਲ 'ਸਰਦਾਰਨੀ' ਵਿਚ ਵੀ ਆਪਣੀ ਕਲਾ ਦੇ ਜੌਹਰ ਦਿਖਾਵੇਗਾ।

ਉਸ ਦੇ ਜ਼ਿਆਦਾਤਰ ਵਿਅੰਗ ਪੇਂਡੂ ਜੀਵਨ 'ਤੇ ਆਧਾਰਤ ਹੁੰਦੇ ਹਨ। ਉਹ ਆਪਣੇ ਹਰ ਵਿਅੰਗ ਰਾਹੀਂ ਨੌਜਵਾਨ ਤਬਕੇ ਨੂੰ ਸੰਦੇਸ਼ ਜ਼ਰੂਰ ਦਿੰਦਾ ਹੈ ਤੇ ਅਰਥ ਭਰਪੂਰ ਗੱਲਾਂ ਕਰਦਾ ਹੈ। ਇਸੇ ਕਾਰਨ ਉਸ ਨੇ ਆਪਣੀ ਵੱਖਰੀ ਪਛਾਣ ਬਣਾ ਲਈ ਹੈ।

-0-

# ਪਰਿਵਾਰਕ ਗਾਇਕੀ ਦਾ ਨਾਂ ਜਸਪਾਲ ਜੱਸੀ

## ਕਲਾ ਪਰਿਕਰਮਾ

ਸਰੂਪ ਸਿੰਘ



ਸੰਗਰੂਰ ਜ਼ਿਲ੍ਹੇ ਦੇ ਕਸਬੇ ਅਮਰਗੜ੍ਹ ਚ ਪੈਂਦੇ ਪਿੰਡ ਮੁਲਾਂਵੰਦਾ ਦਾ ਜਨਮਿਆਂ ਜੱਸੀ ਪੰਜਾਬੀ ਸੰਗੀਤ ਦੀ ਦੁਨੀਆ ਦਾ ਉਹ ਸਿਤਾਰਾ ਬਣਿਆ, ਜਿਸ ਨੇ ਪੰਜਾਬੀ ਸੱਭਿਆਚਾਰ ਦੇ ਵਿਹੜੇ ਨੂੰ ਅਜਿਹਾ ਰੁਸ਼ਨਾਇਆ। ਉਸ ਦੇ ਨਾਂ ਦੀਆਂ ਸੰਗੀਤਕ ਕਿਰਨਾਂ ਅੱਜ ਵੀ ਆਪਣੀ ਚਮਕ ਬਖੇਰ ਰਹੀਆਂ ਹਨ। '90 ਦੇ ਦਹਾਕੇ ਦਾ ਸੰਗੀਤਕ ਦੌਰ ਜੱਸੀ ਜਸਪਾਲ ਦੇ ਨਾਮ ਰਿਹਾ ਹੈ ਕਿਉਂਕਿ ਉਸ ਦੀ ਆਉਣ ਵਾਲੀ ਹਰ ਕੈਸਿਟ ਦੇ ਸੁਪਰਹਿੱਟ ਗੀਤ ਫ਼ਿਜ਼ਾਵਾਂ ਵਿਚ ਅਜਿਹੇ ਗੂੰਜੇ ਕਿ ਉਨ੍ਹਾਂ ਦੀਆਂ ਮਿੱਠੀਆਂ-ਮਿੱਠੀਆਂ ਧੁਨਾਂ ਅੱਜ ਵੀ ਸਾਡੇ ਕੰਨਾਂ ਵਿਚ ਰਸ ਘੋਲ ਰਹੀਆਂ ਹਨ। 'ਮਾਸ਼ੂਕ ਧੋਖੇਬਾਜ਼ ਹੋ ਗਈ', 'ਕਹਿਣਾ ਸੌਖਾ ਤੇ ਭੁਲਾਉਣਾ', 'ਫੱਕਰਾਂ ਦੇ ਸਿਵੇ ਵੱਲ ਸੋਹਣੀਏ', 'ਨਾਭੇ ਵਾਲੀ ਜੇਲ੍ਹ', 'ਕਹਿੰਦੀ ਮੈਂ ਤਾਂ ਮੰਗੀ ਗਈ', 'ਦੱਸ ਮੇਰੀਏ ਮਾਸ਼ੂਕੇ', 'ਤੇਰੇ ਸ਼ਹਿਰ ਵੈਰਨੇ ਨੀਂ', 'ਕਾਹਤੋਂ ਆਈ ਐ ਗ਼ਰੀਬ 'ਤੇ ਜਵਾਨੀ' ਵਰਗੇ ਅਨੇਕ ਹੀ ਹੋਰ ਸੁਪਰਹਿੱਟ ਗੀਤ ਉਸ ਨੇ ਗਾਏ।ਸੰਗੀਤ ਦੇ ਖੇਤਰ ਵਿਚ ਜੱਸੀ ਜਸਪਾਲ ਦੇ ਨਾਂ ਦਾ ਇਕ ਅਜਿਹਾ ਜ਼ਲਜ਼ਲਾ ਆਇਆ ਸੀ ਕਿ ਉਸ ਨੇ ਪੰਜਾਬੀ ਗਾਇਕੀ ਦੇ ਵੱਡੇ-ਵੱਡੇ ਥੰਮ੍ਹਾਂ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸੀ। ਜੱਸੀ ਨੇ ਆਪਣੀ ਗਾਇਕੀ ਦੇ ਬਲਬੂਤੇ 'ਤੇ ਥੋੜ੍ਹੇ ਹੀ ਚਿਰਾਂ ਵਿਚ ਇੰਟਰਨੈਸ਼ਨਲ ਜੀ ਦਾ ਨਾਂ ਪੰਜਾਬੀ ਲੋਕ ਗਾਇਕ ਦਾ ਖ਼ਿਤਾਬ ਹਾਸਲ ਕਰ ਲਿਆ। ਇਸ ਕਲਾਕਾਰ ਨੇ ਪੰਜਾਬੀ ਫਿਲਮਾਂ 'ਚ ਪਲੇਅਬੈਕ ਸਿੰਗਰ ਅਤੇ ਫਿਲਮਾਂ ਵਿਚ ਫਿਲਮਾਏ ਜਾਣ ਵਾਲੇ ਅਨੇਕ ਹੀ ਖੁੱਲ੍ਹੇ ਅਖਾੜਿਆਂ 'ਚ ਪ੍ਰਦਰਸ਼ਨ ਕੀਤਾ, ਜਿਨ੍ਹਾਂ ਵਿੱਚੋਂ 'ਧੀ ਜੱਟ ਦੀ' ਤੇ 'ਵਸੀਅਤ' ਆਦਿ ਪ੍ਰਮੁੱਖ ਹਨ।ਜੱਸੀ ਜਸਪਾਲ ਨੇ ਜਿੱਥੇ ਸਿਰਕੱਢਵੇਂ ਗੀਤਕਾਰ ਧਰਮ ਕੰਮੇਆਣਾ, ਗੇਜਾ ਪੰਧੇਰ, ਸੁੱਖਾ ਖਤੌਲੀ ਵਾਲਾ, ਭੱਟੀ ਭੜੀਵਾਲਾ ਸਵ:-ਰਾਜ ਬਰਾੜ, ਸਵ: ਦਵਿੰਦਰ ਬੈਨੀਪਾਲ ਦਵਿੰਦਰ ਬੈਨੀਪਾਲ (ਕੈਨੇਡਾ), ਸਾਜਨ ਰਾਏਕੋਟੀ, ਸਵ: ਗੁਰਚਰਨ ਵਿਰਕ, ਭੰਗੂ ਫਲੇੜੇ ਵਾਲਾ, ਬਿੱਟੂ ਖੰਨੇਵਾਲਾ ਤੇ ਸ਼ਮਸ਼ੇਰ ਸੰਧੂ ਵਰਗਿਆਂ ਦੇ ਗੀਤਾਂ ਨੂੰ ਗਾਇਆ, ਉੱਥੇ ਹੀ ਉਸ ਨੂੰ ਆਪਣੀ ਆਵਾਜ਼ ਨੂੰ ਚੋਟੀ ਦੇ ਸੰਗੀਤਕਾਰ ਕੁਲਜੀਤ, ਸੁਰਿੰਦਰ ਬਚਨ, ਵਰਿੰਦਰ ਬਚਨ, ਪ੍ਰਿੰਸ ਘੁਮਾਣ, ਬਾਲੀ ਸੱਗੂ ਤੇ ਚਰਨਜੀਤ ਆਹੂਜਾ ਵਰਗਿਆਂ ਦੀਆਂ ਧੁਨਾਂ 'ਚ ਪ੍ਰੋਣ ਦਾ ਮਾਣ ਪ੍ਰਾਪਤ ਹੋਇਆ। ਜਦੋਂ-ਜਦੋਂ ਪਰਿਵਾਰਕ ਤੇ ਸਾਫ਼-ਸੁਥਰੀ ਗਾਇਕੀ ਦੀ ਗੱਲ ਚੱਲ ਗਈ ਤਾਂ ਜੱਸੀ ਜਸਪਾਲ ਦਾ ਨਾਂ ਆਪ ਮੁਹਾਰੇ ਸਾਡੀ ਜ਼ੁਬਾਨ 'ਤੇ ਸਿਦਕ ਨਾਲ ਆਵੇਗਾ। ਜੱਸੀ ਨੇ ਸੋਲੋ ਗੀਤਾਂ ਤੋਂ ਇਲਾਵਾ ਕਈ ਧਾਰਮਿਕ ਕੈਸਿਟਾਂ ਵੀ ਰਿਕਾਰਡ ਕਰਵਾਈਆਂ ਜਿਵੇਂ ਕਿ 'ਸਿੰਘ 'ਸੂਰਮੇ', 'ਬਾਣੀ ਭਗਤ ਰਵਿਦਾਸ ਜੀ. ਦੀ', 'ਲੰਗਰ', ਬਾਬਾ ਵਡਭਾਗ ਸਿੰਘ ਜੀ ਨੂੰ ਸਮਰਪਿਤ 'ਜੋ ਦਰ ਤੇਰੇ ਆਉਂਦੇ' ਆਦਿ। ਜੱਸੀ ਸੰਗੀਤ ਖੇਤਰ ਦੀ ਸੇਵਾ ਦੇ ਨਾਲ-ਨਾਲ ਅਧਿਆਪਕ ਵਜੋਂ ਵਿਦਿਆਰਥੀਆਂ ਨੂੰ ਸਕੂਲੀ ਸਿੱਖਿਆ ਦੇ ਕੇ ਇਕ ਚੰਗੇ ਨਾਗਰਿਕ ਹੋਣ ਦਾ ਫ਼ਰਜ਼ ਨਿਭਾਅ ਰਿਹਾ ਹੈ।


**'90 ਦੇ ਦਹਾਕੇ ਦਾ ਸੰਗੀਤਕ ਦੌਰ ਜੱਸੀ ਜਸਪਾਲ ਦੇ ਨਾਮ ਰਿਹਾ ਹੈ ਕਿਉਂਕਿ ਉਸ ਦੀ ਆਉਣ ਵਾਲੀ ਹਰ ਕੈਸਿਟ ਦੇ ਸੁਪਰਹਿੱਟ ਗੀਤ ਫ਼ਿਜ਼ਾਵਾਂ ਵਿਚ ਅਜਿਹੇ ਗੂੰਜੇ ਕਿ ਉਨ੍ਹਾਂ ਦੀਆਂ ਮਿੱਠੀਆਂ-ਮਿੱਠੀਆਂ ਧੁਨਾਂ ਅੱਜ ਵੀ ਸਾਡੇ ਕੰਨਾਂ ਵਿਚ ਰਸ ਘੋਲ ਰਹੀਆਂ ਹਨ।**




# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਅਪਰੈਲ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-738



*ਵਿਚ ਗਰਮੀਆਂ ਪੱਥ ਕੇ ਪਾਥੀਆਂ, ਚਿਣ ਚਿਣ ਲਾਏ ਘਰੂਟ,*
*ਮੀਂਹ ਕਿਣੀ ਤੋਂ ਪਾਈਆਂ ਤ੍ਰਿਪਾਲਾਂ, ਬਚਾ ਰੱਖਦੇ ਜਿਉਂ ਫਰੂਟ।*
*ਵਿਚ ਬਰਸਾਤਾਂ ਕਦੇ ਤੋਟ ਨ ਆਵੇ, ਬਾਲਣ ਦੀ ਲਾ ਗੁਹਾੜੀ,*
*ਘਰ ਦੀ ਸੁਆਣੀ ਨੂੰ ਫ਼ਿਕਰ ਖਾਵੇ, ਰੋਟੀ ਪਾਣੀ ਦੀ ਅਗਾੜੀ।*

## ਕੈਪਸ਼ਨ ਮੁਕਾਬਲਾ-736



ਮਨ ਵੀ ਨੱਚਣ, ਤਨ ਵੀ ਨੱਚਣ
ਜਦ ਦਿਨ ਸ਼ਗਨਾਂ ਦਾ ਆਵੇ।
ਵਾਜਾ-ਗਾਜਾ, ਢੋਲ-ਢਮੱਕਾ
ਰੌਣਕ ਤਾਈਂ ਹੋਰ ਵਧਾਵੇ।
ਵਿਆਂਦੜ ਘੋੜੀ ਉੱਪਰ ਬੈਠਾ
ਮੂਹਰੇ ਭੋਂਪੂ ਯਾਰ ਵਜਾਵੇ।
**– ਜਗਮੀਤ ਸਿੰਘ ਪੰਧੇਰ**
**ਫੋਨ: +1 8257607222**

---

ਵੀਰ ਜੀ ਵਿਆਹੁੰਣ ਚੱਲਿਆ,
ਲੱਖ ਲੱਖ ਸ਼ਗਨ ਮਨਾਈਏ,
ਸੋਹਣੀ ਭਾਬੀ ਲੈਣ ਆਏ ਹਾਂ,
ਨੱਚ ਨੱਚ ਧਰਤ ਹਿਲਾਈਏ।
ਛੋਟਾ ਦਿਉਰ ਝੂਮਦਾ ਪਿਆ,
ਲਿਫ਼ ਲਿਫ਼ ਭੰਗੜਾ ਪਾਉਂਦਾ,
ਖ਼ੁਸ਼ੀਆਂ ਦੀ ਹੱਦ ਨਾ ਕੋਈ,
ਚਾਅ ਦਿਲਾਂ ਵਾਲੇ ਲਾਹੁੰਦਾ।
**-ਸੇਵਾ ਸਿੰਘ 'ਨੂਰਪੁਰੀ'**

---

ਸ਼ਾਦੀ ਹੋਣ ਦੀ ਹੁੰਦੀ ਅਤਿ ਸ਼ਾਦੀ,
ਪੈਰ ਨਾ ਲਗਦੇ ਧਰਤੀ ਉੱਤੇ।
ਸੁਪਨੇ ਦਿਨੇ ਜਾਗਦਿਆਂ ਆਉਂਦੇ,
ਤੇ ਭਾਵੇਂ ਹੋਈਏ ਰਾਤ ਨੂੰ ਸੁੱਤੇ।
ਹੋਏ ਦਲਿੱਦਰੀ ਆਲਸੀ ਭਾਵੇਂ,
ਪਰ ਅੰਗੜਾਈ ਲਵੇ ਇਸ ਰੁੱਤੇ।
ਮਿੱਥਿਆ ਸਾਹਾ ਨਾ ਹਿੱਲੇ ਥਾਂ ਤੋਂ,
ਦਿਨ ਕੱਢੇ ਗਿਣ-ਗਿਣ ਸਾਰ ਬੁੱਤੇ।
ਆਈ ਵਿਆਹੀ ਘੁੰਢ ਕੱਢ ਆਈ,
ਚੰਨ ਤਾਂ ਬੱਦਲਾਂ ਓਹਲੇ ਛਿਪਿਆ।
ਭਾਬੀਆਂ ਭੈਣਾਂ ਹੋਈਆਂ ਦੁਆਲੇ,
ਮੁੱਖ ਸੋਹਣੀ ਦਾ ਪਲ ਨਾ ਦਿਸਿਆ।
ਰਾਤ ਲੰਘਾਈ ਕਰ ਤੌਬਾ-ਤੌਬਾ,
ਦਿਲ ਲਾੜੇ ਦਾ ਕੁੜਿੱਕੀ ਫਸਿਆ।
ਅਜੇ ਤਾਂ ਦੂਰ ਦੀ ਕੌਡੀ ਸੱਜਣਾ,
'ਫੇਰਾ ਪਾਉਣਾ ਅੱਜ' ਉਨ੍ਹਾਂ ਦੱਸਿਆ।
**-ਗੁਰਬਖ਼ਸ਼ ਸਿੰਘ 'ਨਾਕਾਮ'**
**ਫੋਨ: +1 864 318 5500**

---

ਅੱਜ ਦਿਨ ਸ਼ਗਨਾਂ ਦਾ ਆਇਆ
ਵੀਰਾ ਘੋੜੀ ਉਤੇ ਚੜ੍ਹਾਇਆ
ਤਾਏ, ਚਾਚੇ, ਮਾਮੇ, ਬਾਪੂ ਹੁਰੀਂ
ਰਿਸ਼ਤੇਦਾਰ ਖ਼ੁਸ਼ੀਆਂ ਵਿਚ
ਬੁਲਾਉਣ ਜੈਕਾਰੇ
ਕੁੜੀਆਂ, ਮਾਮੀਆਂ, ਚਾਚੀਆਂ, ਤਾਈਆਂ
ਨਾਨਕਾ ਮੇਲ ਵੀ ਦੇਵੇ ਵਧਾਈਆਂ।
ਮਾਹੌਲ ਬਣਿਆ ਖ਼ੁਸ਼ਗਵਾਰ
ਭੰਗੜੇ, ਗਿੱਧੇ ਰੌਣਕਾਂ ਲਾਈਆਂ।
**-ਅਮਰਜੀਤ ਸਿੰਘ ਤੂਰ**
**ਕੁਲਬੁਰਛਾਂ (ਪਟਿਆਲਾ)**
**ਫੋਨ: 98784-69639**

---

ਵੱਜਣ ਨਾ ਜੇ ਵਾਜੇ
ਖੜਕੇ ਨਾ ਢੋਲਕੀ
ਪਤਾ ਨਹੀਂ ਲੱਗਦਾ
ਸ਼ਾਦੀ ਹੈ ਹੋ ਰਹੀ।
ਪੀਪਨੀ ਦਾ ਸੁਰਾਂ 'ਚ ਹੈ ਖਾਸ ਸਥਾਨ
ਨੱਚਣਾ-ਟੱਪਣਾ ਤੇ ਪਵੇ ਧਮਾਲ
ਪੈਣ ਬੋਲੀਆਂ
ਵਿਰਸਾ ਪੰਜਾਬੀ ਨਜ਼ਰ ਆਉਂਦਾ
ਬਾਕੀ ਰਸਮਾਂ ਤੇ ਬਸ ਨੇ ਦਿਖਾਵਾ।
**-ਦਰਸ਼ਨ ਪਾਲ ਦੋਸਾਂਝ**

ੴ ਸਤਿਗੁਰ ਪ੍ਰਸਾਦਿ॥



ਸਮੂਹ ਸਾਧ ਸੰਗਤ ਨੂੰ ਖਾਲਸਾ ਸਿਰਜਣਾ ਦਿਹਾੜੇ ਅਤੇ ਵਿਸਾਖੀ ਦੀ

# ਕੋਟਾਨਿ ਕੋਟਿ ਵਧਾਈ

ਖਾਲਸਾ ਸਾਜਨਾ ਦਿਵਸ (ਵਿਸਾਖੀ) ਮਨਾਉਂਦਿਆਂ ਸਾਰਾ ਦਿਨ ਕੀਰਤਨ ਦਰਬਾਰ ਹੋਵੇਗਾ ਅਤੇ ਕਥਾ ਦਾ ਪ੍ਰਵਾਹ ਚੱਲੇਗਾ।




ਹੋਰ ਜਾਣਕਾਰੀ ਲਈ ਸੰਪਰਕ ਕਰੋ:

ਸਰਵਣ ਸਿੰਘ ਟਿਵਾਣਾ (ਪ੍ਰਧਾਨ) ਫੋਨ: 219-670-4579
ਯਾਦਵਿੰਦਰ ਸਿੰਘ ਖਟੜਾ (ਸੈਕਟਰੀ) ਫੋਨ: 219-741-9105

ਗੁਰੂ ਪੰਥ ਦੇ ਦਾਸ: ਸਮੂਹ ਸੰਗਤ ਤੇ ਪ੍ਰਬੰਧਕ ਕਮੇਟੀ ਗੁਰਦੁਆਰਾ ਕਰਾਊਨ ਪੁਆਇੰਟ

**Sikh Religious Society of North West Indiana**

10005 Colorado St, Crown Point, IN 46307, Ph: 219-793-9446

ੴ ਸਤਿਗੁਰ ਪ੍ਰਸਾਦਿ॥

ਖਾਲਸਾ ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥

‘ਪੰਜਾਬ ਟਾਈਮਜ਼’ ਦੇ ਪਾਠਕਾਂ ਅਤੇ ਸਮੂਹ ਸਾਧ ਸੰਗਤ ਨੂੰ ਖਾਲਸਾ ਸਾਜਨਾ ਦਿਹਾੜੇ ਦੀ ਗਿੱਲ ਪਰਿਵਾਰ ਵਲੋਂ



ਕੋਟਨਿ ਕੋਟ ਵਧਾਈ

ਵਲੋਂ ਡਾ. ਵਿਕਰਮ ਗਿੱਲ ਅਤੇ ਸਮੂਹ ਪਰਿਵਾਰ

ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮਹਿ ਹਉ ਕਰੋ ਨਿਵਾਸ॥



ਡਾ. ਰਛਪਾਲ ਸਿੰਘ ਬਾਜਵਾ
ਫੋਨ: 630-303-8330

ਸਮੂਹ ਸੰਗਤਾਂ ਨੂੰ ਖਾਲਸਾ ਸਿਰਜਣਾ ਦਿਹਾੜੇ ਅਤੇ ਵਿਸਾਖੀ ਦੀ



ਰਘਵਿੰਦਰ ਸਿੰਘ ਮਾਹਲ
ਫੋਨ: 331-321-6304

ਲੱਖ ਲੱਖ ਵਧਾਈ

ਵਲੋਂ: ਸਮੂਹ ਬਾਜਵਾ ਅਤੇ ਮਾਹਲ ਪਰਿਵਾਰ।

# ਸੱਚੋ ਸੱਚ ਬੋਲ ਫਕੀਰਾ

## ਸ਼ਬਦ ਜੋਤ



**ਡਾ. ਗੁਰਬਖ਼ਸ਼ ਸਿੰਘ ਭੰਡਾਲ**
ਫੋਨ: 216-556-2080

ਸੱਚੋ-ਸੱਚ ਬੋਲ ਫਕੀਰਾ, ਦੱਸ ਜ਼ਿੰਦਗੀ ਦਾ ਰਾਜ਼। ਕਿਹੜੇ ਵਕਤ ਦਾ ਲੇਖਾ ਹੁੰਦੈ, ਕਿਹੜਾ ਜੀਵਨ ਰਾਜ਼? ਕਿਹੜੇ ਵੇਲੇ ਭਰਨੀ ਚਾਹੀਦੀ, ਅੰਬਰ ਵਿਚ ਪ੍ਰਵਾਜ਼। ਤਾਂ ਕਿ ਜੀਵਨ ਨੂੰ ਮਾਣੇ, ਸਾਹਾਂ ਸੰਦੜਾ ਸਾਜ਼। ਇਸਦੀ ਰੂਹ 'ਚੋਂ ਸਦਾ ਸੁਣੇਸੀ, ਜੀਣ, ਜਸ਼ਨ, ਅੰਦਾਜ਼।

ਜ਼ਿੰਦਗੀ ਬਹੁਤ ਹੀ ਖ਼ੂਬਸੂਰਤ। ਜਿਉਣਾ ਅਤੇ ਜੀਣ ਨੂੰ ਮਾਨਣਾ ਦੋ ਵੱਖ-ਵੱਖ ਪਹਿਲੂ। ਕੀ ਕਦੇ ਸੋਚਿਆ ਕਿ ਅਸੀਂ ਜ਼ਿੰਦਗੀ ਨੂੰ ਜਿਉਂਦੇ ਹਾਂ ਜਾਂ ਜ਼ਿੰਦਗੀ ਸਾਨੂੰ ਜਿਉਂ ਰਹੀ ਆ? ਕੀ ਜ਼ਿੰਦਗੀ ਦੇ ਹਰ ਪਲ ਨੂੰ ਖ਼ੂਬਸੂਰਤ ਬਣਾਉਣ ਲਈ ਕੋਈ ਉਪਰਾਲਾ ਕਰਦੇ ਹਾਂ? ਕੀ ਜ਼ਿੰਦਗੀ ਦੇ ਹਰ ਪਲ ਨੂੰ ਕੰਜੂਸੀ ਨਾਲ ਵਰਤਦਿਆਂ, ਇਸਦੇ ਸਾਹਾਂ ਦੀ ਸੰਘੀ ਨੱਪੀ ਰੱਖਦੇ ਹਾਂ?

ਜੀਵਨ ਦੇ ਮੁੱਢਲੇ ਪੜਾਅ ਵਿਚ ਸਥਾਪਤੀ ਲਈ ਜਦੋ-ਜਹਿਦ ਕਰਦਿਆਂ ਸਾਨੂੰ ਅਕਸਰ ਹੀ ਜ਼ਿੰਦਗੀ ਦੇ ਸੁਹਾਵਣੇ ਪਲਾਂ ਦਾ ਚੇਤਾ ਭੁੱਲ ਜਾਂਦਾ। ਅਸੀਂ ਇਸ ਜਦੋ-ਜਹਿਦ ਵਿਚੋਂ ਹੀ ਆਪਣੇ ਹਿੱਸੇ ਦਾ ਅੰਬਰ ਅਤੇ ਆਪਣੇ ਸਿਰ ਗੋਚਰੀ ਥਾਂ ਜੁ ਤਲਾਸ਼ਣੀ ਹੁੰਦੀ। ਸਿਰ ਦੀ ਛੱਤ ਲਈ ਵੀ ਹੰਭਲਾ ਮਾਰਨਾ ਹੁੰਦਾ। ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਖ਼ੁਦ ਨੂੰ ਇੰਨਾ ਕੁ ਸਮਰੱਥ ਕਰਨਾ ਹੁੰਦਾ ਕਿ ਇਸ ਬੋਝ ਥੱਲੇ ਸਾਡਾ ਲੱਕ ਹੀ ਕੁੱਬਾ ਨਾ ਹੋ ਜਾਵੇ। ਅਸੀਂ ਆਪਣੀ ਧੌਣ ਉਚੀ ਕਰਕੇ ਜੀਵਨ ਮਾਰਗ ਦੇ ਪਾਂਧੀ ਬਣੇ ਰਹੀਏ। ਪਰ ਕੀ ਸਾਰੀ ਉਮਰ ਹੀ ਅਸੀਂ ਆਪਣੇ ਹਿੱਸੇ ਦੀ ਜ਼ਿੰਦਗੀ ਤੋਂ ਅਵੇਸਲੇ ਰਹਿ ਕੇ ਸਾਹਾਂ ਨੂੰ ਸਮੇਟ ਇਸ ਜਹਾਨੋਂ ਹੀ ਤੁਰ ਜਾਣਾ? ਇਹ ਸਵਾਲ ਹਰ ਉਸ ਵਿਅਕਤੀ ਦੇ ਮਨ ਵਿਚ ਜ਼ਰੂਰ ਆਉਣਾ ਚਾਹੀਦਾ ਜੋ ਆਪਣੇ ਆਪ ਤੋਂ ਬੇਮੁੱਖ ਹੋ ਕੇ ਕੋਹਲੂ ਦਾ ਬਲਦ ਬਣਿਆ ਹੋਇਆ ਹੈ।

ਅਸੀਂ ਅਕਸਰ ਆਪਣੀਆਂ ਸੱਤ ਪੁਸ਼ਤਾਂ ਲਈ ਧਨ ਇਕੱਠਾ ਕਰਨ ਦੀ ਹੋੜ ਵਿਚ ਆਪਣਾ ਵਰਤਮਾਨ ਦਾਅ 'ਤੇ ਲਾਉਂਦੇ। ਸਾਨੂੰ ਇਹ ਭਰਮ ਹੁੰਦਾ ਕਿ ਸ਼ਾਇਦ ਸਾਡੀ ਅਗਲੀ ਨਸਲ ਕਿਸੇ ਜੋਗੀ ਨਹੀਂ ਰਹਿਣਾ। ਅਸੀਂ ਉਨ੍ਹਾਂ ਦੇ ਕੱਲ੍ਹ ਦੇ ਫ਼ਿਕਰ ਵਿਚ ਆਪਣਾ ਅੱਜ ਦਾਅ 'ਤੇ ਲਾਉਂਦੇ।

ਯਾਦ ਰਹੇ ਕਿ ਆਪਣੇ ਬੱਚਿਆਂ ਨੂੰ ਧਨ ਨਾ ਦਿਓ ਸਗੋਂ ਧਨ ਕਮਾਉਣ ਦੇ ਯੋਗ ਬਣਾਓ। ਤੁਹਾਡਾ ਦਿੱਤਾ ਹੋਇਆ ਧਨ ਤਾਂ ਉਹ ਬੜੀ ਜਲਦੀ ਉਡਾ ਹੀ ਦੇਣਗੇ। ਪਰ ਜੇ ਉਹ ਖ਼ੁਦ ਕਮਾਈ ਕਰਨ ਦੇ ਯੋਗ ਹੋ ਗਏ ਤਾਂ ਉਹ ਆਪਣੀਆਂ ਆਰਥਿਕ ਲੋੜਾਂ ਦੀ ਪੂਰਤੀ ਖ਼ੁਦ ਕਰ ਲੈਣਗੇ।

ਬੱਚਿਆਂ ਨੂੰ ਧਨ ਨਹੀਂ ਸਗੋਂ ਉਨ੍ਹਾਂ ਨੂੰ ਤੁਹਾਡੇ ਵਕਤ ਦੀ ਲੋੜ ਕਿ ਤੁਸੀਂ ਉਨ੍ਹਾਂ ਨਾਲ ਕਿੰਨਾ ਸਮਾਂ ਬਿਤਾਉਂਦੇ? ਉਨ੍ਹਾਂ ਨਾਲ ਕਿਸ ਕਿਸਮ ਦਾ ਰਿਸ਼ਤਾ ਬਣਾਉਂਦੇ? ਆਪਣੇ ਨਾਲ ਕਿੰਝ ਜੋੜਦੇ? ਉਨ੍ਹਾਂ ਦੇ ਪੱਧਰ 'ਤੇ ਉਨ੍ਹਾਂ ਵਾਂਗ ਸੋਚਦੇ, ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਨ ਅਤੇ ਸੁਪਨੇ ਪੂਰੇ ਕਰਨ ਲਈ ਕਿੰਨੀ ਕੁ ਹੱਲਾ-ਸ਼ੇਰੀ ਅਤੇ ਹੌਸਲਾ ਦਿੰਦੇ ਹੋ?

ਸਾਡੀ ਪੰਜਾਬੀਆਂ ਦੀ ਫ਼ਿਤਰਤ ਹੈ ਕਿ ਅਸੀਂ ਆਪ ਤਾਂ ਚੱਜ ਦਾ ਖਾਂਦੇ ਜਾਂ ਹੰਢਾਉਂਦੇ ਨਹੀਂ ਸਗੋਂ ਧਨ 'ਤੇ ਕੁੰਡਲੀ ਮਾਰੀ ਬੈਠਦੇ ਹਾਂ। ਕਈ ਵਾਰ ਆਪਣੀ ਔਲਾਦ ਨੂੰ ਵੀ ਭੇਤ ਨਹੀਂ ਦਿੰਦੇ। ਲੋੜੀਂਦੇ ਆਰਥਿਕ ਸਹਿਯੋਗ ਤੋਂ ਬਗ਼ੈਰ ਜੇ ਔਲਾਦ ਹੀ ਭਟਕ ਗਈ ਤਾਂ ਜਮ੍ਹਾਂ ਕੀਤੇ ਧਨ ਦਾ ਕੀ ਅਰਥ ਰਹਿ ਜਾਵੇਗਾ? ਬਜ਼ੁਰਗਾਂ ਨੂੰ ਇਹ ਲੱਗਦਾ ਕਿ ਅਸੀਂ ਜਿੰਨਾ ਧਨ ਆਪਣੇ ਕੋਲ ਜਮ੍ਹਾਂ ਰੱਖਾਂਗੇ ਸਾਡੀ ਔਲਾਦ ਉਸ ਧਨ ਦੇ ਲਾਲਚ ਵਿਚ ਬਜ਼ੁਰਗੀ ਵੇਲੇ ਸਾਡੀ ਦੇਖਭਾਲ ਕਰੇਗੀ ਅਤੇ ਸਾਡਾ ਆਖ਼ਰੀ ਵੇਲਾ ਬਹੁਤ ਸੌਖਾ ਹੋਵੇਗਾ। ਯਾਦ ਰਹੇ ਕਿ ਇੰਝ ਨਹੀਂ ਹੁੰਦਾ। ਬੱਚਿਆਂ ਨੇ ਸੇਵਾ ਉਨ੍ਹਾਂ ਦੀ ਮਾਨਸਿਕਤਾ, ਮਿਲੇ ਸੰਸਕਾਰਾਂ, ਹੋਏ ਪਾਲਣ-ਪੋਸ਼ਣ ਅਤੇ ਦੇਖੇ ਤੇ ਹੰਢਾਏ ਹਾਲਾਤ ਨੂੰ ਸਮਝਦਿਆਂ ਹੀ ਕਰਨੀ ਹੁੰਦੀ।

ਅੱਜ-ਕੱਲ੍ਹ ਤਾਂ ਬੱਚੇ ਅਕਸਰ ਹੀ ਕਹਿ ਦਿੰਦੇ ਕਿ ਸਾਨੂੰ ਤੁਹਾਡੇ ਪੈਸਿਆਂ ਦੀ ਲੋੜ ਨਹੀਂ। ਤੁਸੀਂ ਆਪਣੀ ਜ਼ਿੰਦਗੀ ਮਾਣੋ। ਪਰ ਕੀ ਅਸੀਂ ਕਦੇ ਇਸ 'ਤੇ ਅਮਲ ਕਰਦੇ ਹਾਂ? ਬਹੁਤ ਵੱਡਾ ਪ੍ਰਸ਼ਨ ਹੈ ਅਤੇ ਇਸਦਾ ਜਵਾਬ ਵੀ ਸਾਨੂੰ ਹੀ ਦੇਣਾ ਪੈਣਾ ਹੈ। ਔਲਾਦ ਆਪਣੇ ਮਾਪਿਆਂ ਪ੍ਰਤੀ ਕਿੰਨੀ ਕੁ ਸੰਵੇਦਨਸ਼ੀਲ ਹੈ, ਇਹ ਮੈਂ ਕੈਨੇਡਾ/ਅਮਰੀਕਾ ਵਿਚ ਰਹਿੰਦਿਆਂ ਬਹੁਤ ਨੇੜਿਉਂ ਪ੍ਰਤੱਖ ਦੇਖਿਆ ਹੈ। ਇਕ ਰਿਟਾਇਰਡ ਬਜ਼ੁਰਗ ਜੋੜੇ ਨੇ ਆਪਣਾ ਸਭ ਕੁਝ ਵੇਚ ਵੱਟ ਕੇ ਆਪਣੇ ਬੱਚਿਆਂ ਨੂੰ ਦੇ ਦਿੱਤਾ ਤਾਂ ਕਿ ਉਨ੍ਹਾਂ ਦੇ ਬੱਚੇ ਵਿਦੇਸ਼ ਵਿਚ ਆਪਣਾ ਘਰ ਲੈ ਲੈਣ ਅਤੇ ਉਨ੍ਹਾਂ ਦਾ ਬੁਢੇਪਾ ਵੀ ਬਹੁਤ ਸੁਖਾਲਾ ਹੋਵੇਗਾ। ਔਲਾਦ ਨੇ ਮਾਪਿਆਂ ਨੂੰ ਘਰ ਦੀ ਬੇਸਮੈਂਟ ਕੁਝ ਸਮਾਂ ਰੱਖ ਕੇ ਘਰੋਂ ਹੀ ਕੱਢ ਦਿਤਾ ਤਾਂ ਕਿ ਮਾਪੇ, ਬੱਚਿਆਂ ਦੀ ਜ਼ਿੰਦਗੀ ਵਿਚ ਖ਼ਲਲ ਨਾ ਪਾਉਣ। ਬਾਪ ਬਿਮਾਰ ਹੋ ਹਸਪਤਾਲ ਵਿਚ ਆਖ਼ਰੀ ਸਾਹਾਂ 'ਤੇ ਸੀ ਤਾਂ ਬੱਚਿਆਂ ਨੂੰ ਇਹ ਫ਼ਿਕਰ ਹੋ ਗਿਆ ਕਿ ਇਹ ਜਲਦੀ ਮਰੇ ਅਤੇ ਅਸੀਂ ਆਪਣੇ ਕੰਮਾਂ 'ਤੇ ਜਾਈਏ। ਇੰਝ ਹੀ ਹੋਇਆ ਕਿ ਬਾਪ ਦੇ ਮਰਨ ਤੋਂ ਪਹਿਲਾਂ ਹੀ ਉਸਦੇ ਸਸਕਾਰ ਅਤੇ ਅੰਤਮ ਰਸਮਾਂ ਦੀਆਂ ਪੂਰੀਆਂ ਤਿਆਰੀਆਂ ਤੇ ਤਰੀਕਾਂ ਨਿਸ਼ਚਿਤ ਕਰ ਲਈਆਂ। ਕੇਹੀ ਸੋਚ ਕਿ ਔਲਾਦ ਲਈ ਬਾਪ ਦਾ ਜਲਦੀ ਤੁਰ ਜਾਣਾ ਹੀ



ਰਾਹਤ ਦਾ ਸਭ ਤੋਂ ਵੱਡਾ ਸਬੱਬ ਬਣ ਗਿਆ।

ਯਾਦ ਰਹੇ ਕਿ ਬਾਪ ਦੇ ਬਲਦੇ ਸਿਵੇ ਕੋਲ ਖੜ੍ਹ ਕੇ ਜ਼ਮੀਨ ਦੀਆਂ ਵੰਡੀਆਂ ਪਾਉਣ ਵਾਲਿਆਂ ਦੀ ਔਲਾਦ ਨੇ ਤਾਂ ਉਨ੍ਹਾਂ ਦੀ ਲਾਸ਼ ਹੀ ਵੰਡ ਲੈਣੀ ਹੈ ਕਿਉਂਕਿ ਜੋ ਔਲਾਦ ਆਪਣੇ ਅੱਖੀਂ ਦੇਖਦੀ ਹੈ, ਉਸ ਤੋਂ ਵਧ ਕੇ ਉਨ੍ਹਾਂ ਨਾਲ ਔਲਾਦ ਨੇ ਕਰਨਾ ਹੈ।

ਪੰਜਾਬੀਆਂ ਦੀ ਜੀਵਨ ਸ਼ੈਲੀ ਹੀ ਅਜੇਹੀ ਕਿ ਅਸੀਂ ਧਨ ਜੋੜਨ ਨੂੰ ਤਰਜੀਹ ਦਿੰਦੇ। ਜਮ੍ਹਾਂ ਕੀਤੇ ਧਨ ਨਾਲ ਮਨ ਦੀਆਂ ਖ਼ੁਸ਼ੀਆਂ ਨੂੰ ਮਾਨਣ, ਖ਼ੂਬਸੂਰਤ ਥਾਵਾਂ ਦੇਖਣ ਅਤੇ ਯਾਦਗਾਰੀ ਪਲਾਂ ਨੂੰ ਸਿਰਜਣ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਬਚਤ ਤਾਂ ਕਰਨੀ ਹੀ ਚਾਹੀਦੀ ਪਰ ਇਹ ਬਹੁਤ ਸੰਤੁਲਤ ਤਰੀਕੇ ਨਾਲ ਹੋਵੇ। ਅਜੇਹਾ ਨਾ ਹੋਵੇ ਕਿ ਬੈਂਕਾਂ ਅਤੇ ਤਿਜੌਰੀਆਂ ਵਿਚ ਪਿਆ ਧਨ ਵੀ ਸਿਸਕਦਾ ਰਹੇ ਕਿ ਕਮਾਈ ਕਰਨ ਵਾਲੇ ਹੱਥਾਂ ਨੇ ਮੈਨੂੰ ਤਾਂ ਖਰਚਿਆ ਹੀ ਨਹੀਂ। ਬਚਤ ਇੰਨੀ ਕੁ ਕਰੋ ਕਿ ਤੁਹਾਡੇ ਆਖ਼ਰੀ ਸਮੇਂ ਦੀਆਂ ਲੋੜਾਂ ਪੂਰੀਆਂ ਹੋਈ ਜਾਣ। ਤੁਸੀਂ ਜ਼ਿੰਦਗੀ ਨੂੰ ਇੰਝ ਮਾਣੋ ਕਿ ਤੁਹਾਨੂੰ ਆਖ਼ਰੀ ਵਕਤ ਕੋਈ ਗਿਲਾ ਨਾ ਹੋਵੇ ਕਿ ਮੈਂ ਆਪਣੀ ਜੀਵਨ ਯਾਤਰਾ ਅਜਾਈਂ ਹੀ ਪੂਰੀ ਕਰ ਗਿਆ।

'ਕੇਰਾਂ ਮੈਂ ਵੱਡੇ ਜ਼ਿਮੀਂਦਾਰ ਦੇ ਘਰ ਗਿਆ ਤਾਂ ਤਾਰ 'ਤੇ ਲਟਕਦੀ ਚੁੰਨੀ ਵਿਚਲੇ ਮਘੋਰੇ ਅਤੇ ਬਨੈਣ ਵਿਚਲੇ ਛੇਕ ਦੇਖ ਕੇ ਹੈਰਾਨ ਰਹਿ ਗਿਆ। ਬਜ਼ੁਰਗ ਇਕ ਅਲਾਣੀ ਮੰਜੀ 'ਤੇ ਬੈਠਾ ਸੀ ਜਿਸਦੇ ਤਨ 'ਤੇ ਪਾਏ ਅਧੋਰਾਣੇ ਕਪੜਿਆਂ ਵਿਚ ਝਲਕਦੀ ਸੀ ਮੈਲ। ਜਦ ਸਾਡੀ ਬਿਰਤੀ ਸਿਰਫ਼ ਧਨ ਜੋੜਨ ਤੱਕ ਹੀ ਸੀਮਤ ਹੋ ਜਾਵੇ ਤਾਂ ਬਜ਼ੁਰਗ ਤਾਂ ਸ਼ਾਇਦ ਆਪਣੀ ਆਦਤ ਤੋਂ ਮਜਬੂਰ ਹੋਣ ਪਰ ਕੀ ਉਨ੍ਹਾਂ ਦੀ ਔਲਾਦ ਨੂੰ ਇੰਨਾ ਵੀ ਅਹਿਸਾਸ ਨਹੀਂ ਕਿ ਆਪਣੇ ਮਾਪਿਆਂ ਪ੍ਰਤੀ ਧਿਆਨ ਰੱਖ ਲਿਆ ਜਾਵੇ। ਨਿੱਕੇ ਹੁੰਦਿਆਂ ਇਸੇ ਬਾਪ ਨੇ ਹਰ ਤੰਗੀ ਤੁਰਸ਼ੀ ਸਹਿੰਦਿਆਂ ਆਪਣੇ ਬੱਚਿਆਂ ਦੀ ਹਰ ਲੋੜ ਪੂਰੀ ਕਰਦਿਆਂ ਉਨ੍ਹਾਂ ਨੂੰ ਫੁੱਲਾਂ ਵਾਂਗ ਰੱਖ ਕੇ ਪਾਲਿਆ ਸੀ।

ਇਕ ਸ਼ਖ਼ਸ ਰਿਟਾਇਰ ਹੋ ਗਿਆ। ਸਦਾ ਧਨ ਜੋੜਨ ਵਿਚ ਹੀ ਰੁੱਝਿਆ ਰਿਹਾ। ਆਪਣੇ ਆਪ ਵਲੋਂ ਅਵੇਸਲਾ। ਉਸਦੀ ਜੀਵਨ ਸਾਥਣ ਵੀ ਜਲਦੀ ਹੀ ਸਦੀਵੀ ਵਿਛੋੜਾ ਦੇ ਗਈ। ਉਹ ਅਕਸਰ ਹੀ ਗੰਢੇ-ਅਚਾਰ ਨਾਲ ਰੋਟੀ ਖਾ ਕੇ ਗੁਜ਼ਾਰਾ ਕਰਦਾ ਜਦ ਕਿ ਉਹ ਆਪਣੇ ਜੋੜੇ ਹੋਏ ਧਨ ਨਾਲ ਬਿਹਤਰੀਨ ਜ਼ਿੰਦਗੀ ਜੀਅ ਸਕਦਾ ਸੀ। ਉਸਦੀ ਮੌਤ ਤੋਂ ਬਾਅਦ ਉਸਦੀ ਔਲਾਦ ਨੂੰ ਪਤਾ ਹੀ ਨਹੀਂ ਲੱਗਾ ਕਿ ਉਸਨੇ ਕਿੰਨੇ ਪੈਸੇ ਕਿਸਨੂੰ ਵਿਆਜੀ ਦਿਤੇ ਸਨ? ਉਸਨੇ ਕਿੰਨੇ ਪਲਾਟ ਖਰੀਦੇ ਸਨ ਅਤੇ ਕਿੰਨੀ ਹੋਰ ਪੂੰਜੀ ਨਿਵੇਸ਼ ਕੀਤੀ ਸੀ? ਜਦ ਅਸੀਂ ਆਪਣੀ ਔਲਾਦ ਕੋਲੋਂ ਉਹਲਾ ਰੱਖਣ ਲੱਗਦੇ ਤਾਂ ਦਰਅਸਲ ਸਾਨੂੰ ਆਪਣੇ ਆਪ ਤੋਂ ਡਰ ਲੱਗਦਾ। ਆਪਣੇ ਸਾਹਾਂ ਵਰਗੇ ਬੱਚਿਆਂ ਤੋਂ ਬੇਇਤਬਾਰੀ ਦਰਅਸਲ ਆਪਣੇ ਆਪ 'ਤੇ ਹੀ ਬੇਯਕੀਨੀ ਹੁੰਦੀ। ਇਸ ਬੇਯਕੀਨੀ ਵਿਚ ਅਸੀਂ ਆਪਣਿਆਂ 'ਤੇ ਭਰੋਸਾ ਵੀ ਗਵਾ ਲੈਂਦੇ ਅਤੇ ਜੋੜਿਆ ਹੋਇਆ ਪੈਸਾ ਵੀ ਗਵਾਚ ਜਾਂਦਾ। ਸਮਾਜ ਵਿਚ ਤੁਸੀਂ ਆਪਣੇ ਅਤੇ ਬਿਗਾਨਿਆਂ ਵਲੋਂ ਨਫ਼ਰਤ ਦਾ ਪਾਤਰ ਬਣ ਕੇ ਇਸ ਜਹਾਨੋਂ ਰੁਖ਼ਸਤ ਹੁੰਦੇ।

ਮੇਰੇ ਇਲਾਕੇ ਦੇ ਇਕ ਅਮੀਰ ਨੂੰ ਆਪਣੀ ਦੌਲਤ 'ਤੇ ਬਹੁਤ ਘਮੰਡ ਸੀ। ਗਰੀਬਾਂ ਅਤੇ ਲੋੜਵੰਦਾਂ ਨੂੰ ਬਹੁਤ ਜ਼ਿਆਦਾ ਵਿਆਜ 'ਤੇ ਪੈਸੇ ਦਿੰਦਾ। ਗਰੀਬ ਲੋਕ ਜਦ ਕਰਜ਼ਾ ਨਾ ਮੋੜਦੇ ਤਾਂ ਉਨ੍ਹਾਂ ਦੀ ਲਵੇਰੀ ਮੱਝ ਜਾਂ ਗਾਂ ਜ਼ਬਰੀ ਕਿਲੇ ਤੋਂ ਖੋਲ੍ਹ ਲਿਆਉਂਦਾ ਜਾਂ ਕੋਈ ਬਲਦ ਹੀ ਲੈ ਆਉਂਦਾ। ਉਸਨੇ ਬਹੁਤ ਸਾਰੀ ਜ਼ਮੀਨ ਗਹਿਣੇ ਲਈ ਹੋਈ ਸੀ। ਜ਼ਿੰਦਗੀ ਦੇ ਆਖ਼ਰੀ ਪਹਿਰ ਵਿਚ ਉਸਦੇ ਇਕ ਮੁੰਡੇ ਨੇ ਉਸਨੂੰ ਪਤਿਆ ਕੇ ਅਤੇ ਚਾਪਲੂਸੀ ਨਾਲ ਉਸਦਾ ਧਨ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਕੁਝ ਦੇਰ ਬਾਅਦ ਉਸਨੂੰ ਘਰੋਂ ਕੱਢ ਦਿਤਾ। ਬਾਅਦ ਵਿਚ ਉਸਦੇ ਉਸੇ ਪੁੱਤ ਨੇ ਆਖ਼ਰੀ ਵਕਤ ਸੰਭਾਲਿਆ ਜਿਸਨੂੰ ਉਸਨੇ ਕੁਝ ਨਹੀਂ ਸੀ ਦਿੱਤਾ। ਮਾਪਿਆਂ ਦੀ ਦੇਖਭਾਲ ਤੁਹਾਡੀ ਔਲਾਦ ਦੀ ਸੋਚ ਨੇ ਕਰਨੀ ਹੈ। ਕਦੇ ਵੀ ਧਨ-ਦੌਲਤ ਦਾ ਦਿਖਾਵੇ ਕਰਕੇ ਸੇਵਾ-ਸੰਭਾਲ ਦਾ ਹੱਕ ਜਤਾਉਣ ਦੀ ਭੁੱਲ ਨਾ ਕਰਿਓ।

ਅੱਜ-ਕੱਲ੍ਹ ਪੱਛਮੀ ਦੇਸ਼ਾਂ ਵਿਚ ਇਕ ਨਵੀਂ ਜੀਵਨ ਜਾਚ ਦਾ ਰੁਝਾਨ ਪੈਦਾ ਹੋ ਰਿਹਾ ਹੈ ਜਿਸਨੂੰ ਜ਼ੀਰੋ ਬੈਲੇਂਸ ਕਹਿੰਦੇ ਹਨ ਯਾਨੀ ਜਿਉਂਦੇ ਜੀਅ ਜਮ੍ਹਾਂ ਕੀਤਾ ਧਨ ਖਰਚੋ। ਲੋੜ ਜੋਗਾ ਬਚਿਆ ਰਹੇ। ਆਪਣੇ ਧਨ ਨਾਲ ਜਵਾਨ ਹੋ ਰਹੇ ਆਪਣੇ ਬੱਚਿਆਂ ਨੂੰ ਨਵੀਆਂ ਅਤੇ ਖ਼ੂਬਸੂਰਤ ਯਾਦਾਂ ਨਾਲ ਵਰਸਾਓ। ਉਨ੍ਹਾਂ ਦੇ ਚਾਵਾਂ ਦਾ ਖ਼ਿਆਲ ਰੱਖੋ। ਉਨ੍ਹਾਂ ਦੇ ਸੁਪਨਿਆਂ ਦੀ ਤਾਮੀਰਦਾਰੀ 'ਤੇ ਧਨ ਖਰਚ ਕਰੋ। ਅਜੇਹਾ ਨਾ ਹੋਵੇ ਕਿ ਬੱਚੇ ਤਰਸਦੇ ਰਹਿਣ ਅਤੇ ਤੁਸੀਂ ਧਨ ਜੋੜਨ ਵਿਚ ਹੀ ਮਸਤ ਰਹੋ।

ਜ਼ਿੰਦਗੀ ਇਕ ਵਾਰ ਮਿਲਦੀ। ਇਸ ਜੀਵਨ ਵਿਚ ਤੁਸੀਂ ਕੀ ਕੀਤਾ, ਕੀ ਕਮਾਇਆ, ਕੀ ਹੰਢਾਇਆ, ਕਿਸਨੂੰ ਜਸ਼ਨ ਬਣਾਇਆ, ਕਿੰਨਾ ਸਮਾਂ ਖ਼ੁਦ ਦੇ ਲੇਖੇ ਲਾਇਆ ਅਤੇ ਕਿੰਨਾ ਪੈਸਾ ਖ਼ੁਦ 'ਤੇ ਲੁਟਾਇਆ? ਯਾਦ ਰਹੇ ਕਿ ਪੈਸਾ ਖਰਚ ਕਰਨ ਦਾ ਮਤਲਬ ਫਜ਼ੂਲ ਖਰਚੀ ਨਹੀਂ ਸਗੋਂ ਇਸਨੂੰ ਸੁਚੇਤ ਪੱਧਰ 'ਤੇ ਅਜੇਹੀਆਂ ਘੁਮੱਕੜੀਆਂ, ਗਤੀਵਿਧੀਆਂ, ਸੈਰ-ਸਪਾਟਾ, ਉਸਾਰੂ ਸ਼ੌਕ ਜਾਂ ਕਲਾ-ਬਿਰਤੀਆਂ 'ਤੇ ਖ਼ਰਚ ਕਰਨਾ ਹੁੰਦਾ ਜਿਹੜੀਆਂ ਤੁਹਾਨੂੰ ਸਕੂਨ ਦੇਣ। ਜਿਸ ਨਾਲ ਤੁਹਾਡੀ ਰੂਹ ਤ੍ਰਿਪਤ ਹੋਵੇ, ਜੋ ਤੁਹਾਨੂੰ ਜੀਣ ਦਾ ਮਕਸਦ ਪ੍ਰਦਾਨ ਕਰੇ, ਜਿਸ ਨਾਲ ਤੁਹਾਨੂੰ ਅਹਿਸਾਸ ਹੋਵੇ ਕਿ ਤੁਸੀਂ ਕੁਝ ਤਾਂ ਅਜੇਹਾ ਕੀਤਾ ਕਿ ਤੁਹਾਨੂੰ ਆਪਣੇ ਆਪ 'ਤੇ ਨਾਜ਼ ਹੋਵੇ। ਭਾਵੇਂ ਇਹ ਕਿਸੇ ਲੋੜਵੰਦ ਦੀ ਮਦਦ ਹੋਵੇ, ਕਿਸੇ ਦੇ ਬਸਤੇ ਵਿਚ ਕਿਤਾਬਾਂ ਧਰਨੀਆਂ ਹੋਣ, ਕਿਸੇ ਦੇ ਸਿਰ ਨੂੰ ਛੱਤ ਦੇਣੀ ਹੋਵੇ, ਕਿਸੇ ਦਾ ਤਨ ਢੱਕਣ ਦਾ ਉਪਰਾਲਾ ਹੋਵੇ। ਦਰਅਸਲ ਧਨ ਆਪਣੇ ਲਈ ਅਤੇ ਲੋੜਵੰਦਾਂ ਲਈ ਖਰਚਣ ਦਾ ਵਸੀਲਾ ਹੋਣਾ ਚਾਹੀਦਾ। ਤੁਹਾਡੇ ਖਾਤੇ ਵਿਚ ਬਚ ਗਏ ਧਨ ਦੀ ਸ਼ਾਇਦ ਤੁਹਾਡੀ ਔਲਾਦ ਨੂੰ ਵੀ ਲੋੜ ਨਾ ਹੋਵੇ। ਕਈ ਵਾਰ ਇਹ ਧਨ ਅਜਾਈਂ ਹੀ ਚਲਾ ਜਾਂਦਾ।

ਕਈ ਵਾਰ ਮੈਂ ਸੋਚਦਾਂ ਕਿ ਧਨ ਜੋੜਨ ਅਤੇ ਕਬਜ਼ਾ ਕਰਨ ਦੀ ਇਸ ਜਗੀਰੂ ਸੋਚ ਤੋਂ ਆਪਣੇ ਆਪ ਨੂੰ ਪੜ੍ਹਿਆ-ਲਿਖਿਆ ਸਮਝਣ ਵਾਲਾ ਵਰਗ ਵੀ ਮੁਕਤ ਕਿਉਂ ਨਹੀਂ? ਉਹ ਧਨ 'ਤੇ ਹਮੇਸ਼ਾ ਕੁੰਡਲੀ ਮਾਰੀ ਬੈਠਾ ਹੁੰਦਾ। ਦਰਅਸਲ ਇਹ ਸਾਡੀ ਉਸ ਮਾਨਸਿਕਤਾ ਦਾ ਕਸੂਰ ਹੈ ਜਿਹੜੀ ਖ਼ੁਦ 'ਤੇ ਵੀ ਯਕੀਨ ਨਹੀਂ ਕਰਦੀ। ਸਾਨੂੰ ਹਮੇਸ਼ਾ ਇਹ ਖਦਸ਼ਾ ਰਹਿੰਦਾ ਕਿ ਸ਼ਾਇਦ ਜੇ ਸਾਡੇ ਕੋਲ ਜੋੜਿਆ ਧਨ ਨਾ ਹੋਇਆ ਤਾਂ ਸਾਨੂੰ ਸਾਡੀ ਔਲਾਦ ਨੇ ਪੁੱਛਣਾ ਨਹੀਂ। ਜ਼ਰਾ ਸੋਚਿਓ ਕੀ ਤੁਸੀਂ ਆਪਣੇ ਬਜ਼ੁਰਗਾਂ ਦੀ ਆਖ਼ਰੀ ਉਮਰੇ ਪੂਰਨ ਸਮਰਪਿਤਾ ਨਾਲ ਤਾਮੀਰਦਾਰੀ ਕੀਤੀ ਹੈ? ਉਨ੍ਹਾਂ ਨੂੰ ਅਪਣੱਤ ਅਤੇ ਮੋਹ ਦਾ ਅਹਿਸਾਸ ਕਰਵਾਉਂਦਿਆਂ, ਉਨ੍ਹਾਂ ਦੇ ਆਖ਼ਰੀ ਪਲਾਂ ਵੇਲੇ ਉਨ੍ਹਾਂ ਦੀ ਸੇਵਾ ਲਈ ਹਮੇਸ਼ਾ ਤਤਪਰ ਰਹੇ ਹੋ ਤਾਂ ਤੁਹਾਡੀ ਔਲਾਦ ਉਹੀ ਕੁਝ ਤੁਹਾਡੇ ਨਾਲ ਜ਼ਰੂਰ ਕਰੇਗੀ। ਐਵੇਂ ਕਾਹਤੋਂ ਫ਼ਿਕਰਾਂ ਵਿਚ ਝੁਰਦੇ। ਤੁਸੀਂ ਹੀ ਤਾਂ ਸਭ ਤੋਂ ਵੱਡੇ ਰੋਲ ਮਾਡਲ ਹੋ ਆਪਣੀ ਔਲਾਦ ਲਈ। ਜ਼ਰੂਰੀ ਹੈ ਕਿ ਪਹਿਲਾਂ ਅਸੀਂ ਖ਼ੁਦ ਰੋਲ ਮਾਡਲ ਬਣੀਏ। ਫਿਰ ਸਾਡੇ ਮਨ ਵਿਚ ਕਿਸੇ ਵੀ ਕਿਸਮ ਦਾ ਸੰਸਾ ਨਹੀਂ ਰਹੇਗਾ ਕਿ ਸਾਡੀ ਆਖ਼ਰੀ ਉਮਰ ਕਿਵੇਂ ਬੀਤੇਗੀ?

ਮੇਰਾ ਦੋਸਤ ਹੈ। ਸੇਵਾ ਮੁਕਤ ਹੋ ਚੁੱਕਾ ਹੈ। ਅੱਜ-ਕੱਲ੍ਹ ਭਾਰਤ ਦੇ ਭਰਮਣ 'ਤੇ ਨਿਕਲਿਆ ਹੋਇਆ ਹੈ। ਅਕਸਰ ਹੀ ਖ਼ੂਬਸੂਰਤ ਜਗ੍ਹਾਵਾਂ ਦੀਆਂ ਫੋਟੋਆਂ ਰਾਹੀਂ ਮੈਨੂੰ ਦੇਖਣਯੋਗ ਅਤੇ ਕਮਾਲ ਦੀ ਸੱਭਿਅਤਾ ਦੇ ਦਰਸ਼ਨ ਕਰਵਾਉਂਦਾ ਹੈ। ਉਸਦਾ ਕਹਿਣਾ ਹੈ ਕਿ ਸਾਡੀ ਔਲਾਦ ਨੂੰ ਸਾਡੇ ਪੈਸਿਆਂ ਦੀ ਲੋੜ ਨਹੀਂ। ਪੈਨਸ਼ਨ ਆਉਂਦੀ ਹੈ। ਸੋਚਿਆ ਕਿਉਂ ਨਾ ਬਚਤ ਕੀਤੀ ਕਮਾਈ ਨਾਲ ਜੀਵਨ ਦੇ ਆਖ਼ਰੀ ਪਹਿਰ ਨੂੰ ਰੂਹ ਨਾਲ ਜੀਵੀਏ। ਇਸ ਲਈ ਮੈਂ ਤਾਂ ਆਪਣੇ ਜੀਵਨ ਦਾ ਨਜ਼ਰੀਆ ਹੀ ਬਦਲ ਲਿਆ। ਖ਼ੂਬਸੂਰਤ ਥਾਵਾਂ 'ਤੇ ਵੱਸਦੇ ਖ਼ੂਬਸੂਰਤ ਲੋਕਾਂ ਦੀ ਰਹਿਣੀ-ਬਹਿਣੀ ਨੂੰ ਦੇਖਦਿਆਂ, ਉਨ੍ਹਾਂ ਥਾਵਾਂ ਨੂੰ ਗਾਹੁਣ ਦਾ ਮਨ ਵਿਚ ਧਾਰਿਆ ਜਿਹੜਾ ਮੈਂ ਪਹਿਲੀ ਉਮਰੇ ਨਹੀਂ ਕਰ ਸਕਿਆ। ਜਦ ਗੋਡੇ ਹੀ ਰਹਿ ਗਏ ਫਿਰ ਤਾਂ ਘਰ ਹੀ ਬੈਠਣਾ। ਕਿੰਨੇ ਕੁ ਪੰਜਾਬੀ ਨੇ ਜਿਹੜੇ ਇਸ ਮਾਨਸਿਕਤਾ ਦੇ ਹਾਮੀ ਨੇ? ਕਿੰਨਿਆਂ ਨੇ ਸੈਰ-ਸਪਾਟੇ ਰਾਹੀਂ ਜ਼ਿੰਦਗੀ ਦੀ ਖ਼ੂਬਸੂਰਤੀ ਨੂੰ ਮਾਣਿਆ ਹੈ? ਭਾਵੇਂ ਇਹ ਜੰਗਲ, ਪਹਾੜ, ਬੀਚਾਂ ਜਾਂ ਇਤਿਹਾਸਕ ਤੇ ਧਾਰਮਿਕ ਮਹੱਤਤਾ ਵਾਲੀਆਂ ਥਾਵਾਂ ਦੀ ਜ਼ਿਆਰਤ ਕਰਨੀ ਹੋਵੇ।

ਚੱਲੋ ਅੱਜ ਤੋਂ ਕੁਝ ਤਾਂ ਅਜੇਹਾ ਸੋਚੀਏ ਕਿ ਅਸੀਂ ਆਪਣੀ ਜ਼ਿੰਦਗੀ ਨੂੰ ਆਪਣੇ ਹਿਸਾਬ ਨਾਲ ਮਾਣਨਾ ਹੈ। ਇਸਦੀਆਂ ਰੰਗ-ਬਿਰੰਗੀਆਂ ਪਰਤਾਂ ਵਿਚ ਖ਼ੁਦ ਨੂੰ ਰੰਗਣਾ ਹੈ। ਜੀਵਨ ਦਾ ਨਾਦ ਗਾਉਣਾ ਹੈ। ਅੰਬਰ ਦੇ ਤਾਰਿਆਂ ਨੂੰ ਜ਼ਿੰਦਗੀ ਦਾ ਗੀਤ ਸੁਣਾਉਣਾ ਹੈ। ਰੁਮਕਦੀਆਂ ਪੌਣਾਂ ਦੇ ਨਾਮ ਸੁਗਮ ਸੰਗੀਤ ਲਾਉਣਾ ਹੈ। ਬਿਰਖ਼ਾਂ ਦੇ ਪੱਤਿਆਂ ਵਿਚੋਂ ਸਰਕਦੀ ਹਵਾ ਨੂੰ ਸਹਿਲਾਉਣਾ ਹੈ। ਪੰਛੀਆਂ ਦੇ ਆਲ੍ਹਣਿਆਂ ਦੀ ਚਹਿਕਣੀ ਨੂੰ ਆਪਣੇ ਮਨ ਦੇ ਆਲ੍ਹਣਿਆਂ ਵਿਚ ਉਪਜਾਉਣਾ ਹੈ। ਆਪਣੇ ਮਕਾਨ ਨੂੰ ਵੀ ਘਰ ਬਣਾਉਣਾ ਹੈ। ਹਰ ਕਮਰੇ ਵਿਚ ਜੀਵਨ ਦਾ ਰਾਗ ਉਪਜਾਉਣਾ ਹੈ। ਖੁੱਲ੍ਹੀਆਂ ਫ਼ਿਜ਼ਾਵਾਂ ਵਿਚ ਆਪਣੇ ਸਾਹਾਂ ਨੂੰ ਮਹਿਕਾਉਣਾ ਹੈ। ਸੰਸਾਰ ਭਰ ਦੇ ਹੁਸੀਨ ਅਤੇ ਰੰਗੀਨ ਰੰਗਾਂ ਨਾਲ ਖ਼ੁਦ ਨੂੰ ਸਜਾਉਣਾ ਹੈ।

ਚੱਲੋ! ਸ਼ੁਰੂਆਤ ਤਾਂ ਕਰੀਏ। ਅੰਜ਼ਾਮ ਬਹੁਤ ਹੀ ਸੁਹਾਵਣਾ ਅਤੇ ਮਨ-ਭਾਵਣਾ ਹੋਵੇਗਾ। ਜਸ਼ਨ ਵਰਗੀ ਜ਼ਿੰਦਗੀ ਨੂੰ ਰੂਹ ਦਾ ਹਾਣੀ ਬਣਾਈਏ ਅਤੇ ਹਰ ਪਲ ਮਾਨਣ ਦਾ ਗੁਰ ਅਪਣਾਈਏ।

# ਸੱਚੀ ਖ਼ੁਸ਼ੀ ਕੀ ਹੈ - 4

ਸ਼ੁਕਰਗੁਜ਼ਾਰੀ ਅਤੇ ਸੰਤੁਸ਼ਟੀ ਸੱਚੀ ਖ਼ੁਸ਼ੀ ਦੀ ਜੜ੍ਹ ਹੈ। ਸੱਚੀ ਖ਼ੁਸ਼ੀ ਸ਼ਕਤੀਸ਼ਾਲੀ ਆਦਤਾਂ ਤੋਂ ਉਗਦੀ/ਜਨਮ ਲੈਂਦੀ ਹੈ। ਸ਼ੁਕਰਗੁਜ਼ਾਰੀ ਅਤੇ ਸੰਤੁਸ਼ਟੀ ਇਨ੍ਹਾਂ ਦੋਵਾਂ ਤੋਂ ਬਿਨਾਂ ਕੋਈ ਵੀ ਸਫਲਤਾ, ਪੈਸਾ, ਜਾਂ ਆਰਾਮ ਸਾਨੂੰ ਖੁਸ਼ ਨਹੀਂ ਕਰ ਸਕਦਾ। ਬਹੁਤ ਸਾਰੇ ਲੋਕ ਇਸ ਲਈ ਦੁਖੀ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਕੋਲ ਕੁਝ ਨਹੀਂ ਹੁੰਦਾ। ਸਗੋਂ ਇਸ ਲਈ ਕਿਉਂਕਿ ਉਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਕੋਲ ਪਹਿਲਾਂ ਕੀ ਹੈ?

**ਸ਼ੁਕਰਗੁਜ਼ਾਰੀ ਕੀ ਹੈ?**

ਸ਼ੁਕਰਗੁਜ਼ਾਰੀ ਦਾ ਅਰਥ ਹੈ, ਜ਼ਿੰਦਗੀ ਵਿਚ ਚੰਗਿਆਈਆਂ ਵੱਲ ਧਿਆਨ ਦੇਣਾ, ਸਧਾਰਨ ਚੀਜ਼ਾਂ ਦੀ ਕਦਰ ਕਰਨਾ। ਅੱਜ ਲਈ ਸ਼ੁਕਰਗੁਜ਼ਾਰੀ। ਅੱਜ ਮੈਂ ਆਪਣੀ ਸਿਹਤ ਲਈ ਸ਼ੁਕਰਗੁਜ਼ਾਰ ਹਾਂ, ਮੈਂ ਜੋ ਮੇਰੇ ਕੋਲ ਹੈ, ਉਸ ਲਈ ਸ਼ੁਕਰਗੁਜ਼ਾਰ ਹਾਂ। ਸ਼ੁਕਰਗੁਜ਼ਾਰੀ ਮਨ ਨੂੰ ਘਾਟ ਤੋਂ ਭਰਪੂਰਤਾ ਵਿਚ



**ਜਰਨੈਲ ਸਿੰਘ ਧਾਲੀਵਾਲ**

ਬਦਲ ਦਿੰਦੀ ਹੈ। ਸ਼ੁਕਰਗੁਜ਼ਾਰ ਮਨ ਸ਼ਾਂਤ ਮਨ ਹੁੰਦਾ ਹੈ।

**ਸ਼ੁਕਰਗੁਜ਼ਾਰੀ ਖ਼ੁਸ਼ੀ ਕਿਉਂ ਪੈਦਾ ਕਰਦੀ ਹੈ?**

ਜਦੋਂ ਅਸੀਂ ਸ਼ੁਕਰਗੁਜ਼ਾਰੀ ਦਾ ਅਭਿਆਸ ਕਰਦੇ ਹਾਂ ਤਾਂ ਸ਼ਿਕਾਇਤਾਂ ਘਟਦੀਆਂ ਹਨ। ਤਣਾਅ ਘਟਦਾ ਹੈ। ਈਰਖਾ ਘਟਦੀ ਹੈ। ਸ਼ਾਂਤੀ ਵਧਦੀ ਹੈ। ਸੁਧਾਰ ਉਸ ਚੀਜ਼ 'ਤੇ ਧਿਆਨ ਕੇਂਦਰਿਤ ਕਰਨਾ ਸ਼ੁਰੂ ਕਰ ਦਿੰਦਾ ਹੈ। ਜੀ ਗੁੰਮ ਹੈ ਅਤੇ ਜੋ ਮੌਜੂਦ ਹੈ ਉਸ ਨੂੰ ਪ੍ਰਾਪਤ ਕਰਨਾ ਸ਼ੁਰੂ ਕਰ ਦਿੰਦਾ ਹੈ। ਇਹੀ ਤਬਦੀਲੀ ਖ਼ੁਸ਼ੀ ਪੈਦਾ ਕਰਦੀ ਹੈ। ਖੁਸ਼ ਲੋਕ ਖੁਸ਼ਕਿਸਮਤ ਨਹੀਂ ਹੁੰਦੇ, ਸ਼ੁਕਰਗੁਜ਼ਾਰ ਹੁੰਦੇ ਹਨ।

**ਸੰਤੁਸ਼ਟੀ ਕੀ ਹੁੰਦੀ ਹੈ?**

ਸੰਤੁਸ਼ਟੀ ਦਾ ਅਰਥ ਹੈ, ਕਾਫ਼ੀ ਨਾਲ ਸੰਤੁਸ਼ਟ ਹੋਣਾ। ਇਸਦਾ ਅਰਥ ਵਿਕਾਸ ਨੂੰ ਰੋਕਣਾ ਨਹੀਂ ਹੈ। ਇਸਦਾ ਅਰਥ ਬੇਲੋੜੀ ਇੱਛਾ ਨੂੰ ਰੋਕਣਾ। ਸੰਤੁਸ਼ਟੀ ਕਹਿੰਦੀ ਹੈ: ਮੇਰੇ ਕੋਲ ਸ਼ਾਂਤੀ ਨਾਲ ਰਹਿਣ ਲਈ ਕਾਫ਼ੀ ਹੈ। ਸੰਤੁਸ਼ਟੀ ਅਜੇ ਵੀ ਸਖ਼ਤ ਮਿਹਨਤ ਕਰਦੀ ਹੈ। ਪਰ ਨਤੀਜੇ ਲਈ ਖ਼ੁਸ਼ੀ ਨਹੀਂ ਦਿੰਦੀ। ਇਹ ਮਾਨਸਿਕਤਾ ਆਜ਼ਾਦੀ ਲਿਆਉਂਦੀ ਹੈ।

ਹੋਰ ਇੱਛਾ ਕਦੇ ਖ਼ਤਮ ਕਿਉਂ ਨਹੀਂ ਹੁੰਦੀ।

ਮਨ ਕਦੇ ਵੀ ਮੂਲ ਰੂਪ ਵਿਚ ਸੰਤੁਸ਼ਟ ਨਹੀਂ ਹੁੰਦਾ। ਜਦੋਂ ਸਾਨੂੰ ਇੱਕ ਚੀਜ਼ ਮਿਲਦੀ ਹੈ ਤਾਂ ਮਨ ਦੂਜੀ ਚਾਹੁੰਦਾ ਹੈ। ਹੋਰ ਪੈਸਾ, ਹੋਰ ਆਰਾਮ, ਹੋਰ ਧਿਆਨ ਖਿੱਚਣਾ। ਇਹ ਬੇਅੰਤ ਇੱਛਾ ਬੇਚੈਨੀ ਪੈਦਾ ਕਰਦੀ ਹੈ। ਬੇਚੈਨੀ ਖ਼ੁਸ਼ੀ ਨੂੰ ਮਾਰ ਦਿੰਦੀ ਹੈ। ਸੰਤੁਸ਼ਟੀ ਇਸ ਬੇਅੰਤ ਖੇਡੇ ਨੂੰ ਰੋਕ ਦਿੰਦੀ ਹੈ। ਤੁਲਨਾ ਸ਼ੁਕਰਗੁਜ਼ਾਰੀ ਨੂੰ ਤਬਾਹ ਕਰ ਦਿੰਦੀ ਹੈ।

ਜਦੋਂ ਤੁਲਨਾ ਸ਼ੁਰੂ ਹੁੰਦੀ ਹੈ ਤਾਂ ਸ਼ੁਕਰਗੁਜ਼ਾਰੀ ਅਲੋਪ ਹੋ ਜਾਂਦੀ ਹੈ। ਅਸੀਂ ਦੂਜਿਆਂ ਵੱਲ ਦੇਖਣਾ ਸ਼ੁਰੂ ਕਰ ਦਿੰਦੇ ਹਾਂ: ਉਨ੍ਹਾਂ ਦੀ ਜ਼ਿੰਦਗੀ, ਸਫਲਤਾ, ਜੀਵਨ ਸ਼ੈਲੀ, ਫਿਰ ਸਾਡੇ ਅਸ਼ੀਰਵਾਦ ਛੋਟੇ ਮਹਿਸੂਸ ਹੁੰਦੇ ਹਨ। ਮਾਨਸਿਕ ਤੌਰ 'ਤੇ ਖੁਸ਼ ਲੋਕ ਤੁਲਨਾ ਤੋਂ ਬਚਦੇ ਹਨ। ਉਹ ਆਪਣੇ ਸਫ਼ਰ 'ਤੇ ਧਿਆਨ ਕੇਂਦਰਿਤ ਕਰਦੇ ਹਨ। ਤੁਲਨਾ ਸ਼ਾਂਤੀ ਚੋਰੀ ਕਰਦੀ ਹੈ। ਸ਼ੁਕਰਗੁਜ਼ਾਰੀ ਇਸਨੂੰ ਬਹੁਤ ਮੰਨਦੀ ਹੈ।

ਸ਼ੁਕਰਗੁਜ਼ਾਰੀ ਸਮੱਸਿਆਵਾਂ ਨੂੰ ਨਜ਼ਰਅੰਦਾਜ਼ ਨਹੀਂ ਕਰਦੀ। ਸ਼ੁਕਰਗੁਜ਼ਾਰ ਹੋਣਾ ਸੰਪੂਰਨ ਨਹੀਂ ਮਤਲਬੀ ਹੁੰਦਾ ਹੈ। ਸਮੱਸਿਆਵਾਂ ਦੂਰ ਨਹੀਂ ਹੋ ਜਾਂਦੀਆਂ, ਜ਼ਿੰਦਗੀ ਸੰਘਰਸ਼ ਕਰਦੀ ਹੈ। ਪਰ ਸ਼ੁਕਰਗੁਜ਼ਾਰੀ ਕਹਿੰਦੀ ਹੈ: ਮੁਸ਼ਕਿਲ ਵਿਚ ਵੀ ਕੁਝ ਚੰਗਾ ਹੁੰਦਾ ਹੈ। ਇਹ ਮਾਨਸਿਕਤਾ ਤਾਕਤ ਦਿੰਦੀ ਹੈ। ਇੱਕ ਸ਼ੁਕਰਗੁਜ਼ਾਰ ਵਿਅਕਤੀ ਭਾਵਨਾਤਮਕ ਤੌਰ 'ਤੇ ਮਜ਼ਬੂਤ ਅਤੇ ਮਾਨਸਿਕ ਤੌਰ 'ਤੇ ਸ਼ਾਂਤ ਹੋ ਜਾਂਦਾ ਹੈ।

**ਸ਼ੁਕਰਗੁਜ਼ਾਰੀ ਅਤੇ ਸੰਤੁਸ਼ਟੀ ਪੈਦਾ ਕਰਨ ਲਈ ਰੋਜ਼ਾਨਾ ਦੀਆਂ ਆਦਤਾਂ**

ਮਾਨਸਿਕ ਤੌਰ 'ਤੇ ਖੁਸ਼ ਲੋਕ ਅਭਿਆਸ ਕਰਦੇ ਹਨ: ਹਰ ਸਵੇਰ ਸ਼ੁਕਰਗੁਜ਼ਾਰੀ, ਛੋਟੀਆਂ-ਛੋਟੀਆਂ ਚੀਜ਼ਾਂ ਦੀ ਕਦਰ ਕਰਨਾ, ਬੇਲੋੜੀਆਂ ਇੱਛਾਵਾਂ ਨੂੰ ਘਟਾਉਣਾ, ਸਾਦਗੀ ਨਾਲ ਰਹਿਣਾ, ਸ਼ਾਂਤੀ ਨੂੰ ਰੁਤਬੇ ਨਾਲੋਂ ਮਹੱਤਵ ਦੇਣਾ। ਇਹ ਆਦਤਾਂ ਹੌਲੀ-ਹੌਲੀ ਮਨ ਨੂੰ ਮੁੜ ਸੁਰਜੀਤ ਕਰਦੀਆਂ ਹਨ। ਖ਼ੁਸ਼ੀ ਕੁਦਰਤੀ ਹੋ ਜਾਂਦੀ ਹੈ।

**ਸੰਤੋਖ ਆਜ਼ਾਦੀ ਲਿਆਉਂਦਾ ਹੈ।**

ਜਦੋਂ ਅਸੀਂ ਸੰਤੁਸ਼ਟ ਹੁੰਦੇ ਹਾਂ। ਅਸੀਂ ਪ੍ਰਵਾਨਗੀ ਦਾ ਪਿੱਛਾ ਕਰਨਾ ਬੰਦ ਕਰ ਦਿੰਦੇ ਹਾਂ, ਬੇਅੰਤ ਦੌੜਨਾ, ਅਸੀਂ ਖਾਲੀ ਮਹਿਸੂਸ ਕਰਨਾ ਬੰਦ ਕਰ ਦਿੰਦੇ ਹਾਂ। ਆਜ਼ਾਦੀ ਖ਼ੁਸ਼ੀ ਹੈ। ਇਕ ਆਜ਼ਾਦ ਮਨ ਵਿਅਸਤ ਬੇਚੈਨ ਮਨ ਨਾਲੋਂ ਜ਼ਿੰਦਗੀ ਦਾ ਜ਼ਿਆਦਾ ਆਨੰਦ ਮਾਣਦਾ ਹੈ। ਸੱਚੀ ਖ਼ੁਸ਼ੀ ਹੋਰ ਪ੍ਰਾਪਤ ਕਰਨ ਨਾਲ ਨਹੀਂ ਮਿਲਦੀ। ਇਹ ਜ਼ਿਆਦਾ ਕਦਰ ਕਰਨ ਨਾਲ ਆਉਂਦੀ ਹੈ। ਸ਼ੁਕਰਗੁਜ਼ਾਰੀ ਜ਼ਿੰਦਗੀ ਨੂੰ ਸ਼ਾਂਤੀਪੂਰਨ ਬਣਾਉਂਦੀ ਹੈ। ਜਦੋਂ ਅਸੀਂ ਉਸ ਲਈ ਸ਼ੁਕਰਗੁਜ਼ਾਰ ਹੁੰਦੇ ਹਾਂ, ਜੋ ਸਾਡੇ ਕੋਲ ਹੈ, ਤਾਂ ਸਾਨੂੰ ਅਹਿਸਾਸ ਹੁੰਦਾ ਹੈ ਕਿ ਸਾਡੇ ਕੋਲ ਪਹਿਲਾਂ ਹੀ ਕਾਫ਼ੀ ਹੈ।

# ਚਾਚਾ ਚੰਡੀਗੜ੍ਹੀਆ ਦੇ ਤੀਰਾਂ ਦੀਆਂ ਤਲਖ, ਤੁਰਸ਼ ਤੇ ਸ਼ੀਰੀ ਚੋਭਾਂ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪੰਜਾਬੀ ਲੇਖਕ ਸਭਾ ਵਲੋਂ 1980 ਵਿਚ ਬਲਰਾਜ ਸਾਹਨੀ ਸਨਮਾਨ ਪ੍ਰਾਪਤ ਕਰਨ ਵਾਲੇ ਚਾਚਾ ਚੰਡੀਗੜ੍ਹੀਆ ਵਲੋਂ ਜਾਣੇ ਜਾਂਦੇ ਗੁਰਨਾਮ ਸਿੰਘ ਤੀਰ ਨੂੰ ਮੈਂ 1953 ਤੋਂ ਜਾਣਦਾ ਸਾਂ। ਉਦੋਂ ਉਸ ਨੂੰ ਪ੍ਰਤਾਪ ਸਿੰਘ ਕੈਰੋਂ ਨੇ ਪੰਜਾਬ ਦਾ ਮੁਖ ਮੰਤਰੀ ਹੁੰਦਿਆਂ ਦੇਸ਼ ਦੀ ਰਾਜਧਾਨੀ ਨਵੀਂ ਦਿੱਲੀ ਵਿਚ ਲੋਕ ਸੰਪਰਕ ਅਧਿਕਾਰੀ ਨਿਯੁਕਤ ਕਰਕੇ ਭੇਜਿਆ ਸੀ। ਉਸਦੀ ਰਿਹਾਇਸ਼ ਇੰਡੀਆ ਗੇਟ ਦੇ ਨੇੜੇ ਪੈਂਦੀ ਸਰਕਾਰੀ ਕਾਲੋਨੀ ਪੰਡਾਰਾ ਰੋਡ ਸੀ ਜਿੱਥੇ ਮੇਰੀ ਜੀਵਨ ਸਾਥਣ ਦੀ ਠਾਹਰ ਵੀ ਸੀ। ਉਹ ਦਿਨ ਤੇ ਅਹਿ ਦਿਨ ਅਸੀਂ ਇਕ ਦੂਜੇ ਦੇ ਪਰਿਵਾਰਕ ਮੈਂਬਰ ਚਲੇ ਆ ਰਹੇ ਹਾਂ। ਜੇ ਸੱਚ ਪੁੱਛੋ ਤਾਂ ਜਦੋਂ ਮੈਂ ਦਿੱਲੀ ਦੀ ਸਰਕਾਰੀ ਨੌਕਰੀ ਤੋਂ ਨੌਂ ਸਾਲ ਪਹਿਲਾ ਵਿਹਲਾ ਹੋ ਕੇ ਪੰਜਾਬੀ ਟ੍ਰਿਬਿਊਨ ਦੀ ਸੰਪਾਦਕੀ ਸੰਭਾਲੀ ਤਾਂ ਮੇਰਾ ਚੰਡੀਗੜ੍ਹ ਵਿਚ ਸਵਾਗਤ ਕਰਨ ਵਾਲਾ ਤੀਰ ਵੀ ਸੀ। ਉਸਨੇ 1924 ਤੋਂ 2017 ਦੇ 70 ਸਾਲਾ ਜੀਵਨ ਵਿਚ ਵੱਡਮੁਲੀਆਂ ਹਾਸ-ਵਿਅੰਗ ਪੁਸਤਕਾਂ ਲਿਖੀਆਂ। ਉਸਦਾ 'ਚਾਚਾ ਚੰਡੀਗੜ੍ਹੀਆ' ਸਿਰਲੇਖ ਵਾਲਾ ਕਾਲਮ ਅੱਜ ਵੀ ਸ਼ੌਕ ਨਾਲ ਪੜ੍ਹਿਆ ਜਾਂਦਾ ਹੈ।

ਗੁਰਨਾਮ ਸਿੰਘ ਤੀਰ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਕੋਟ ਸੁਖੀਆ ਦਾ ਜੰਮਪਲ ਸੀ। ਉਸ ਦੇ ਤੀਰਾਂ ਵਿਚ ਮਿੱਠੀਆਂ ਚੋਭਾਂ ਹੁੰਦੀਆਂ ਸਨ। 'ਪਤਨੀਆਂ' ਨਾਂ ਦੀ ਪੁਸਤਕ ਵਿਚ ਹੇਠ ਲਿਖੀ ਗੱਲ ਲਿਖਣ ਵਾਲਾ ਵੀ ਉਹੀਓ ਸੀ।

'ਇੱਕ ਵਕੀਲ ਨੇ ਇੱਕ ਦਿਨ ਆਪਣੀ ਪਤਨੀ ਦਾ ਜ਼ਿਕਰ ਕਰਦਿਆਂ ਕਿਹਾ, ਖੁਦਾ-ਨਾਖਾਸਤਾ, ਜੇ ਮੇਰੇ ਵਿਰੁੱਧ ਕੋਈ ਮੁਕੱਦਮਾ ਰਜਿਸਟਰ ਹੋ ਜਾਵੇ ਅਤੇ ਮੇਰੀ ਪਤਨੀ ਇਸ ਤਗਸੇ ਦੇ ਅਗਵਾਹ ਵਜੋਂ ਪੇਸ਼ ਹੋਵੇ ਤਦ ਉਹ ਮੈਨੂੰ ਅਵੱਸ਼ ਕੈਦ ਕਰਵਾ ਕੇ ਰਹੇਗੀ।'

ਇੱਕ ਪਤਨੀ ਆਪਣੇ ਪਤੀ ਦੇ ਦੋਸਤਾਂ ਨੂੰ ਕਹਿਣ ਲੱਗੀ ਕਿ ਇਨ੍ਹਾਂ ਨੇ ਪੀ.ਐਚਡੀ. ਕਰਦਿਆਂ ਨੌਂ ਸਾਲ ਸਾਹਿਤ ਨਾਲ ਮੱਥਾ ਮਾਰਿਆ। ਜੇ ਕਿਧਰੇ ਮੈਂ ਇਨ੍ਹਾਂ 'ਤੇ ਪੀ.ਐਚਡੀ. ਕਰਨੀ ਹੋਵੇ ਤਦ ਤਿੰਨਾਂ ਮਹੀਨਿਆਂ ਵਿਚ ਇਨ੍ਹਾਂ ਬਾਰੇ ਅਜਿਹੀ ਸੋਹਣੀ ਪੁਸਤਕ ਲਿਖ ਸਕਦੀ ਹਾਂ ਜਿਹੜੀ ਇਹ ਤੀਹ ਸਾਲ ਵਿਚ ਨਹੀਂ ਲਿਖ ਸਕਦੇ। ਇੱਕ ਸਾਹਿਤਕਾਰ ਮਿੱਤਰ ਨੇ ਕਿਹਾ ਕਿ ਹਰ ਲਿਖਾਰੀ ਦੇ ਘਰ ਦੇ ਜੀਅ ਉਸ ਦੇ ਜੀਵਨ ਅੰਦਰ ਰੁਕਾਵਟ ਵੀ ਹੁੰਦੇ ਹਨ ਅਤੇ ਸਹਾਇਕ ਵੀ। ਇੱਕ ਲੇਖਕ ਨੇ ਇੱਕ ਪੁਸਤਕ ਲਿਖੀ ਅਤੇ ਨਾਲ ਇਹ ਵੀ ਲਿਖਿਆ ਕਿ 'ਇਸ ਨੂੰ ਪੂਰਿਆਂ ਕਰਨ ਲਈ ਮੇਰੇ ਘਰਦਿਆਂ ਨੇ ਬੜੀ ਮਿਲਵਰਤਨ ਦਿੱਤੀ। ਜੇ ਇਹ ਮਿਲਵਰਤਨ ਨਾ ਦਿੱਤੀ ਗਈ ਹੁੰਦੀ ਤਦ ਮੈਂ ਪੰਜ ਸਾਲ ਦੀ ਥਾਂ, ਇਸ ਪੁਸਤਕ ਨੂੰ ਛੇਆਂ ਮਹੀਨਿਆਂ ਵਿਚ ਲਿਖ ਸਕਦਾ ਸਾਂ।'

ਜ਼ਰੂਰੀ ਨਹੀਂ ਕਿ ਪਤਨੀ ਵਿਦਿਅਕ-ਯੋਗਤਾ ਦੇ ਹਿਸਾਬ ਨਾਲ ਉਨੀ ਹੀ ਵਿਦਵਾਨ ਹੋਵੇ, ਜਿਤਨਾ ਉਸ ਦਾ ਪਤੀ ਹੁੰਦਾ ਹੈ। ਪਰ ਪਤੀ ਲਈ ਉਹ ਇੱਕ ਅਟੁੱਟ ਸ਼ਕਤੀ ਹੈ, ਲਾ-ਬਿਆਨ ਹਸਤੀ ਹੈ ਜੋ ਸਭ ਤੋਂ ਨੇੜਲੀ ਸਾਂਝ ਰੱਖਣ ਵਾਲੀ ਹੁੰਦੀ ਹੈ। ਇਸ ਤੋਂ ਨਾ ਛੁਟਕਾਰਾ ਪਾਇਆ ਜਾ ਸਕਦਾ ਹੈ ਅਤੇ ਨਾ ਹੀ ਉਸ ਦੇ ਸਾਰੇ ਹੁਕਮ ਖਿੜੇ-ਮੱਥੇ ਮੰਨੇ ਜਾ ਸਕਦੇ ਹਨ।

ਕਈ ਬੰਦੇ ਆਪਣੀਆਂ ਪਤਨੀਆਂ ਕੋਲੋਂ ਏਨੇ ਦੁਖੀ ਹੋ ਜਾਂਦੇ ਹਨ ਕਿ ਉਹ ਜੋਤਸ਼ੀਆਂ ਵੱਲ ਭੱਜਦੇ ਹਨ ਅਤੇ ਜਾ ਕੇ ਪੁੱਛਦੇ ਹਨ ਕਿ ਉਸ ਦੀ ਪਤਨੀ ਤੋਂ ਉਸ ਦਾ ਕਦੋਂ ਖਹਿੜਾ ਛੁੱਟੇਗਾ?

ਇਸ ਪੁਸਤਕ ਦੇ ਕੁਝ ਪਾਤਰਾਂ ਵਿਚੋਂ ਇੱਕ ਪਾਤਰ ਇੱਕ ਜੋਤਸ਼ੀ ਮਿੱਤਰ ਨੂੰ ਮੂੰਹ-ਮੰਗੀ ਦਖਸ਼ਣਾ ਦੇ ਕੇ ਪੁੱਛਦਾ ਹੈ ਕਿ ਮੇਰੀ ਸ੍ਰੀਮਤੀ ਜੀ ਕੋਲੋਂ ਮੇਰਾ ਖਹਿੜਾ ਕਦੋਂ ਕੁ ਛੁਟੇਗਾ?

ਜੋਤਸ਼ੀ ਨੇ ਆਪਣੇ ਕਾਗਜ਼-ਪੱਤਰ ਪੁੱਠੇ-ਸਿੱਧੇ ਕਰਦਿਆਂ ਕਿਹਾ, 'ਸ੍ਰੀ ਮਾਨ ਜੀ, ਮੇਰੇ ਜੋਤਿਸ਼ ਮੁਤਾਬਿਕ, ਤੁਹਾਡੀ ਪਤਨੀ ਤੁਹਾਡੇ ਅਕਾਲ-ਚਲਾਣਾ ਕਰਨ ਤੋਂ ਵੀਹ ਸਾਲ ਬਾਅਦ ਤੱਕ ਤੁਹਾਡੇ ਘਰ ਦੀ ਦੇਖ-ਭਾਲ ਕਰੇਗੀ।' ਪੁੱਛਣ ਵਾਲਾ ਚੁੱਪ ਕਰ ਕੇ ਬੈਠ ਗਿਆ।

ਪਤੀ ਪਤਨੀ ਦੇ ਘਰੇਲੂ-ਸੰਬੰਧ ਅਜਿਹੇ ਦੋਸਤੀ ਭਰੇ ਹੁੰਦੇ ਹਨ ਕਿ ਜੇ ਸੁਚੱਜੇ ਢੰਗ ਨਾਲ ਬਿਆਨ ਕੀਤੇ ਜਾਣ ਤਦ ਉੱਚ ਦਰਜੇ ਦਾ ਹਾਸ-ਵਿਅੰਗ ਪੈਦਾ ਕਰ ਦਿੰਦੇ ਹਨ।



ਮੇਰੇ ਇੱਕ ਨਾਟਕ ਦੇ ਦੋ ਪਾਤਰਾਂ ਨੇ ਇੱਕ ਵਾਰ ਆਪਣੇ ਸੰਬੰਧਾਂ ਬਾਰੇ ਅਜੀਬ ਕਿਸਮ ਦੀਆਂ ਗੱਲਾਂ ਦੱਸੀਆਂ।

ਇੱਕ ਦਿਨ ਪਤੀ-ਦੇਵ ਕਹਿਣ ਲੱਗਾ ਕਿ ਅੱਜ ਘਰ ਦੇ ਸਾਰੇ ਜੀ ਇਕੱਠੇ ਹੋ ਕੇ ਇੱਕ-ਇੱਕ ਮੰਗ ਲਿਖਣ। ਉਹ ਸਾਰਿਆਂ ਨੂੰ ਪ੍ਰਵਾਨ ਕਰਨੀ ਪਵੇਗੀ ਅਤੇ ਅਜਿਹੀ ਮੰਗ ਸਰਬ-ਸੰਮਤੀ ਨਾਲ ਸਾਰਿਆਂ 'ਤੇ ਲਾਗੂ ਹੋਵੇਗੀ।

ਪਤੀ ਨੇ ਇੱਕ ਕਾਗਜ਼ 'ਤੇ ਲਿਖਿਆ ਕਿ ਅੱਜ ਤੋਂ ਬਾਅਦ ਮੇਰੀ ਪਤਨੀ ਦਾ ਮੇਰੇ ਨਾਲ ਕੋਈ ਸੰਬੰਧ ਨਹੀਂ ਹੋਵੇਗਾ। ਉਹ ਆਪਣੇ ਲੀੜੇ-ਲੱਤੇ ਅਤੇ ਗਹਿਣੇ-ਗੱਟੇ ਚੁੱਕ ਕੇ, ਅੱਜ ਹੀ ਇਥੋਂ ਚਲੀ ਜਾਵੇਗੀ। ਫੇਰ ਕਿਸੇ ਅਦਾਲਤ ਰਾਹੀਂ ਵੀ ਵਾਪਿਸ ਆਉਣ ਦਾ ਮੌਕਾ ਨਹੀਂ ਦੇਵੇਗੀ।'

ਜਦੋਂ ਪਤਨੀ ਦਾ ਕਾਗਜ਼ ਖੋਲ੍ਹਿਆ ਗਿਆ, ਉਸ ਵਿਚ ਲਿਖਿਆ ਸੀ, 'ਮੇਰਾ ਪਤੀ ਦਿਮਾਗੀ ਤੌਰ 'ਤੇ ਉਖੜਿਆ ਹੋਇਆ ਹੈ। ਇਸ ਦੀ ਕਿਸੇ ਗੱਲ ਨੂੰ ਕਿਸੇ ਕਿਸਮ ਦਾ ਕੋਈ ਵਜ਼ਨ ਨਹੀਂ ਦੇਣਾ ਚਾਹੀਦਾ। ਇਹ ਅੱਜ ਜੋ ਵੀ ਪੇਸ਼ ਕਰੇਗਾ ਉਹ ਸਰਬ-ਸੰਮਤੀ ਨਾਲ ਰੱਦ ਕੀਤਾ ਜਾਵੇਗਾ।' ਜਦੋਂ ਇਹ ਪਰਚੀ ਕੱਢੀ ਗਈ ਤਾਂ ਪਤੀ-ਦੇਵ ਮਾਯੂਸੀ ਨਾਲ ਸਾਰੇ ਟੱਬਰ ਦੇ ਜੀਆਂ ਵੱਲ ਝਾਕਦਾ ਹੋਇਆ ਕਹਿਣ ਲੱਗਾ, 'ਇਸ ਨੂੰ ਕਹਿੰਦੇ ਨੇ ਉਮਰ-ਕੈਦ। ਮੈਂ ਇਸ ਸਜ਼ਾ ਨੂੰ ਖਿੜੇ-ਮੱਥੇ ਪ੍ਰਵਾਨ ਕਰਦਾ ਹਾਂ।'

ਵਿਅੰਗ ਦੀ ਇੱਕ ਮੰਨੀ-ਪ੍ਰਮੰਨੀ ਸ਼ਕਤੀ ਇਹ ਹੈ ਕਿ ਇਹ ਜ਼ਿੰਦਗੀ ਨਾਲ ਗੁੱਸੇ ਹੋਏ ਔਰੰਗਜ਼ੇਬ ਵਰਗੇ ਬਾਦਸ਼ਾਹ ਨੂੰ ਹਸਾ ਦਿੰਦਾ ਹੈ।

ਪੰਜਾਬ ਦੇ ਕੁੱਝ ਜੱਟਾਂ ਨੂੰ ਫੜ ਕੇ ਔਰੰਗਜ਼ੇਬ ਦੇ ਦਰਬਾਰ ਵਿਖੇ ਲਿਜਾ ਕੇ ਕਿਹਾ ਗਿਆ ਕਿ ਕਿ ਉਹ ਇਸਲਾਮ ਕਬੂਲ ਕਰਨ।

ਜੱਟਾਂ ਦਾ ਇੱਕ ਆਗੂ ਕਹਿਣ ਲੱਗਾ, 'ਮਹਾਰਾਜ ਏਡਾ ਵਧੀਆ ਧਰਮ ਜ਼ਰੂਰ ਕਬੂਲ ਕਰਾਂਗੇ, ਪਰ ਤੁਹਾਡੇ ਪਿਛਲੇ ਵੱਡੇ-ਵਡੇਰੇ, ਸਾਡੇ ਵੱਡੇ-ਵਡੇਰਿਆਂ ਨੂੰ ਇਸਲਾਮ ਕਬੂਲ ਕਰਨ ਲਈ ਦੋ-ਦੋ ਲੱਖ ਰੁਪਏ ਦਾਨ ਦਿਆ ਕਰਦੇ ਸਨ, ਅਤੇ ਤੁਸੀਂ ਘੱਟੋ-ਘੱਟ ਸਾਨੂੰ ਇੱਕ-ਇੱਕ ਲੱਖ ਰੁਪਏ ਤਾਂ ਦਿਓ।'

ਔਰੰਗਜ਼ੇਬ ਹੈਰਾਨ ਹੋ ਕੇ ਕਹਿਣ ਲੱਗਾ, 'ਕੀ ਤੁਸੀਂ ਪਹਿਲਾ ਵੀ ਇਸਲਾਮ ਧਾਰਨ ਕਰ ਚੁੱਕੇ ਹੋ?'

ਜੱਟਾਂ ਦਾ ਆਗੂ ਕਹਿਣ ਲੱਗਾ, 'ਜਨਾਬ ਗੱਡੇ ਦੇ ਪਹੀਏ ਵਾਂਗੂ ਚਲਦੇ ਰਹਿਣਾ ਠੀਕ ਹੈ।' ਔਰੰਗਜ਼ੇਬ ਇਨ੍ਹਾਂ ਦੀਆਂ ਗੱਲਾਂ ਸੁਣ ਕੇ ਖਿੜ-ਖਿੜਾ ਕੇ ਹੱਸ ਪਿਆ ਅਤੇ ਕਹਿਣ ਲੱਗਾ, 'ਤੁਸੀਂ ਅਜੀਬ ਕਿਸਮ ਦੇ ਧਾਰਮਿਕ ਲੋਕ ਹੋ, ਜਿਹੜੇ ਪੈਸੇ ਲੈ ਕੇ ਧਰਮ ਬਦਲਦੇ ਹੋ।'

ਜੱਟ ਸੁਣ ਕੇ ਕਹਿਣ ਲੱਗੇ, 'ਅਸੀਂ ਤਾਂ ਇਹੀ ਉਡੀਕਦੇ ਰਹਿੰਦੇ ਹਾਂ ਕਿ ਕਦੋਂ ਇਹ ਬਾਦਸ਼ਾਹ ਮਰਦਾ ਹੈ ਅਤੇ ਕਦੋਂ ਅਗਲਾ ਆਉਂਦਾ ਹੈ?'

ਔਰੰਗਜ਼ੇਬ ਨੇ ਹੱਥ ਜੋੜ ਕੇ ਉਨ੍ਹਾਂ ਨੂੰ ਵਾਪਸੀ ਕਿਰਾਇਆ ਦਿੱਤਾ ਅਤੇ ਕਿਹਾ ਕਿ ਅਜੇ ਤੁਸੀਂ ਪਿਛਲਾ ਹੀ ਧਰਮ ਚਲਾਓ, ਅਗਲੇ ਦੀ ਗੱਲ ਫੇਰ ਕਰਾਂਗੇ।

ਸਰਦਾਰ ਪਟੇਲ ਨੇ ਪੈਪਸੂ-ਸਟੇਟ ਦਾ ਉਦਘਾਟਨ ਕਰਦਿਆਂ ਬੜੇ ਅੰਦਾਜ਼ ਵਿਚ ਮਹਾਰਾਜਾ ਪਟਿਆਲਾ ਬਾਰੇ ਕਿਹਾ, 'ਮੇਰੀ ਬੜੀ ਇੱਛਾ ਥੀ, ਮੈਂ ਐਸੇ ਮਹਾਰਾਜੇ ਕੀ ਪਰਜਾ ਬਨ ਪਾਤਾ।'

ਜਦੋਂ ਇਬਰਾਹਿਮ ਲਿੰਕਨ ਅਮਰੀਕਾ ਦਾ ਪ੍ਰਧਾਨ ਬਣਿਆ ਤਦ ਉਸ ਨੇ ਆਪਣੇ ਇੱਕ ਸਾਥੀ ਨੂੰ ਕਿਹਾ, 'ਓਹ ਸਾਹਮਣੇ ਵਾਲੀ ਗਲੀ ਵਿਚ ਸੌ ਕੁ ਗਜ਼ ਅੱਗੇ ਨੂੰ ਜਾ ਕੇ ਮੁੜ ਜਾਣਾ, ਓਸ ਗਲੀ ਵਿਚ ਅੱਗੇ ਜਾ ਕੇ ਇੱਕ ਵੱਡਾ ਸਾਰਾ ਦਲਾਨ ਹੋਵੇਗਾ। ਉਹ ਦੇ ਵਿਚ ਇੱਕ ਉਧੇੜ ਉਮਰ ਦੀ ਔਰਤ ਚਰਖਾ ਚਲਾ ਰਹੀ ਹੋਵੇਗੀ। ਤੂੰ ਉਸ ਨੂੰ ਇਹ ਖੁਸ਼-ਖਬਰੀ ਦੇ ਦੇਣੀ, 'ਕਿ ਤੇਰੇ ਘਰ ਵਾਲਾ ਅਮਰੀਕਾ ਦਾ ਪ੍ਰਧਾਨ ਬਣ ਗਿਆ ਹੈ।' ਓਹ ਅਵਸ਼ ਤੇਰਾ ਮੂੰਹ ਮਿੱਠਾ ਕਰਵਾਵੇਗੀ।

ਸੁਨੇਹਾ ਦੇਣ ਵਾਲਾ ਸੱਜਣ ਮੁਸਕਰਾਉਂਦਾ ਹੋਇਆ ਮਿਸਜ਼ ਲਿੰਕਨ ਕੋਲ ਜਾ ਪੁੱਜਿਆ ਅਤੇ ਕਹਿਣ ਲੱਗਾ, 'ਮੈਡਮ ਵਧਾਈ ਹੋਵੇ ਲਿੰਕਨ ਸਾਹਿਬ ਅਮਰੀਕਾ ਦੇ ਪ੍ਰਧਾਨ ਬਣ ਗਏ ਹਨ?'

ਮਿਸਜ਼ ਲਿੰਕਨ ਮੂੰਹ ਵਿੰਗਾ ਕਰਦੇ ਕਹਿਣ ਲੱਗੀ, 'ਅੱਗੇ ਚੰਦਰਾ ਕਿਹੜਾ ਘਰ ਵੜਦਾ ਸੀ, ਜੇ ਵੜ ਵੀ ਜਾਂਦਾ ਸੀ ਤਦ ਆਪਣੇ ਕਾਗਜ਼-ਪੱਤਰ ਪੜ੍ਹ-ਪੜ੍ਹ ਕੇ ਵਕਤ ਖਰਾਬ ਕਰਦਾ ਰਹਿੰਦਾ ਸੀ। ਕਦੇ ਸਿੱਧੇ ਮੂੰਹ ਗੱਲ ਨਹੀਂ ਸੀ ਕਰਦਾ। ਹੁਣ ਉਹ ਬਿਲਕੁਲ ਹੀ ਕਿਸੇ ਕੰਮ ਦਾ ਨਹੀਂ ਰਿਹਾ।'

ਹੁਣ ਮੇਰੇ ਵੱਲੋਂ ਚਾਚਾ ਚੰਡੀਗੜ੍ਹੀਆ ਦੀ ਆਪਣੀ ਗੱਲ

'ਭਾਬੀ ਕੀ ਗੱਲ ਅੱਜ ਸੂਲ-ਸੂਲ ਕਰ ਰਹੀ ਹੈਂ, ਕਿਧਰੇ ਫਿਰ ਤਾਂ ਨਹੀਂ ਆਪੋ ਵਿਚ ਲੜ ਪਏ?' ਚੰਨ ਦੀ ਨਨਾਣ ਜੀਤਾਂ ਨੇ ਆਪਣੀ ਭਰਜਾਈ ਨੂੰ ਬੜੀ ਹਮਦਰਦੀ ਨਾਲ ਪੁੱਛਿਆ।

ਚੰਨੋ ਕਹਿਣ ਲੱਗੀ, 'ਮੇਰੇ ਹੱਡ-ਪ੍ਰਾਣ ਤਾਂ ਰੱਬ ਨੇ ਸ਼ਾਇਦ ਇਸੇ ਲਈ ਬਣਾਏ ਸਨ ਕਿ ਤੇਰਾ ਭਰਾ ਪ੍ਰਾਣੀਆਂ ਮਾਰ-ਮਾਰ ਕੇ ਤੋੜ ਦੇਵੇ। ਕਈ ਵਾਰ ਮਾੜੀ ਜਿਹੀ ਗੱਲ 'ਤੇ ਡਾਂਗ ਚੁੱਕ ਲੈਂਦਾ ਹੈ।' ਜੀਤਾਂ ਕੁਝ ਮੁਸਕਰਾ ਕੇ ਬੋਲੀ, 'ਭਾਬੀ ਇਹ ਤਾਂ ਸਭ ਪਿਆਰ ਦੀਆਂ ਗੱਲਾਂ ਹਨ। ਜੋਗਿੰਦਰ ਵੀਰ ਤੈਨੂੰ ਬੜਾ ਪਿਆਰ ਕਰਦਾ। ਇਸੇ ਕਰਕੇ ਕਦੇ-ਕਦੇ ਲੋੜ ਤੋਂ ਵੱਧ ਲੜਾਈ-ਝਗੜਾ ਵੀ ਕਰ ਜਾਂਦਾ ਹੈ। ਅਗਲੇ ਦਿਨ ਇਕ ਮਾਸਟਰ ਜੀ ਸਾਡੇ ਸਕੂਲ ਵਿਚ ਇਕ ਅੰਗਰੇਜ਼ ਲਿਖਾਰੀ, ਮਿਸਟਰ ਡਾਰਲਿੰਗ ਦੀ ਕਿਤਾਬ ਪੜ੍ਹ ਕੇ ਸੁਣਾ ਰਹੇ ਸਨ। ਉਹ ਕਿਸੇ ਵੇਲੇ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਡਿਪਟੀ ਕਮਿਸ਼ਨਰ ਲੱਗੇ ਸਨ। ਜਦੋਂ ਦੌਰਾ ਕਰਦੇ ਹੋਏ ਸਾਡੇ ਪਿੰਡ ਬਾਘੇ ਪੁਰਾਣੇ ਪੁੱਜੇ ਤਦ ਇਕ ਬੁੱਢੀ ਨੇ ਡਾਰਲਿੰਗ ਸਾਹਿਬ ਨੂੰ ਕਿਹਾ, 'ਸਾਹਿਬ ਮੇਰਾ ਜਵਾਈ ਮੇਰੀ ਧੀ ਨੂੰ ਪਿਆਰ ਨਹੀਂ ਕਰਦਾ।' ਸਾਹਿਬ ਬੜਾ ਹੈਰਾਨ ਹੋਇਆ ਤੇ ਕਹਿਣ ਲੱਗਾ, 'ਮਾਈ ਤੈਨੂੰ ਖਾਹਮਖਾਹ ਸ਼ੱਕ ਹੋ ਗਿਆ ਹੈ। ਤੇਰੇ ਕੋਲ ਕੀ ਸਬੂਤ ਹੈ ਤੇਰਾ ਜਵਾਈ ਤੇਰੀ ਧੀ ਨੂੰ ਪਿਆਰ ਨਹੀਂ ਕਰਦਾ? ਫਿਰ ਇਸ ਮਾਮਲੇ ਵਿਚ ਡਿਪਟੀ ਕਮਿਸ਼ਨਰ ਕੀ ਕਰ ਸਕਦਾ ਹੈ?'

ਮਾਈ ਸਾਹਿਬ ਨੂੰ ਕਹਿਣ ਲੱਗੀ, 'ਸਾਹਿਬ ਮੇਰੇ ਜਵਾਈ ਨੇ ਕਦੇ ਮੇਰੀ ਧੀ ਨੂੰ ਕੁੱਟਿਆ ਨਹੀਂ ਅਤੇ ਨਾ ਕੁੱਟਣਾ ਇਸ ਗੱਲ ਦਾ ਸਭ ਤੋਂ ਵੱਡਾ ਸਬੂਤ ਹੈ ਕਿ ਉਹ ਉਸ ਨੂੰ ਪਿਆਰ ਨਹੀਂ ਕਰਦਾ। ਜੇ ਜੱਟ ਦਾ ਪੁੱਤ ਆਪਣੀ ਰੰਨ ਨੂੰ ਪਿਆਰ ਕਰਦਾ ਹੋਵੇ ਤਦ ਕਦੇ-ਕਦੇ ਉਸ ਦੇ ਮੌਰ ਵੀ ਸੇਕਦਾ ਹੈ।'

ਸਾਹਿਬ ਮਾਈ ਦੀ ਗੱਲ 'ਤੇ ਹੱਸ ਪਿਆ। ਸੋ ਭਾਬੀ ਜੀ, ਵੀਰ ਜੋਗਿੰਦਰ ਉਸ ਮਾਈ ਦੇ ਹਿਸਾਬ ਨਾਲ ਤੈਨੂੰ ਜ਼ਿਆਦਾ ਹੀ ਪਿਆਰ ਕਰਦਾ ਹੈ, ਇਸੇ ਲਈ ਕਦੇ-ਕਦੇ ਬਲਦਾਂ ਵਾਲੀ ਪੁਰਾਣੀ ਨਾਲ ਇੱਕ-ਦੋ ਕਰਾਰੀਆਂ- ਕਰਾਰੀਆਂ ਜੜ੍ਹ ਜਾਂਦਾ ਹੈ।'

ਗੁੱਸਾ ਕਰਨ ਦੀ ਥਾਂ ਚੰਨੋ ਮੁਸਕਰਾ ਪਈ ਤੇ ਕਹਿਣ ਲੱਗੀ, 'ਜੀਤਾਂ ਜਦੋਂ ਤੇਰਾ ਵਿਆਹ ਹੋਇਆ ਫਿਰ ਵੇਖਾਂਗੇ ਘਰ ਵਾਲਾ ਕਿਹੜੇ ਢੰਗ ਨਾਲ ਪਿਆਰ ਕਰਦਾ ਹੈ।' ਤੀਰ ਸਾਹਿਬ ਦਾ ਅਜੋਕਾ ਪਰਿਵਾਰ ਵੀ ਖੁਸ਼ੀ ਵਸਦਾ ਹੈ। ਚੰਡੀਗੜ੍ਹ ਵਿਚ ਮੇਰੇ ਵਾਲੇ ਸੈਕਟਰ ਦੀ ਕੋਠੀ ਨੰਬਰ 1521 ਵਿਚ ਉਸ ਦੀ ਧੀ ਬੱਬੂ ਤੀਰ, ਜੁਆਈ ਗੁਰਮੋਹਨ ਸਿੰਘ ਸੰਧੂ ਅਤੇ ਉਨ੍ਹਾਂ ਦਾ ਸਮੁੱਚਾ ਪਰਿਵਾਰ ਸ਼ਾਮਿਲ ਹੈ ਜਿਨ੍ਹਾਂ ਵਿਚ ਉਨ੍ਹਾਂ ਦੀਆਂ ਡਾਕਟਰੀ ਪਾਸ ਧੀਆਂ ਸੀਰਤ ਕੌਰ ਤੇ ਫਤਿਹ ਸਿੰਘ ਗਿੱਲ ਅਤੇ ਨਿਮਰਤ ਕੌਰ ਸਿੱਧੂ ਤੇ ਸਹਿਜਬੀਰ ਸਿੰਘ ਸਿੱਧੂ ਮੌਜਾਂ ਮਾਣਦੇ ਹਨ।

ਨੱਬਿਆਂ ਦੀ ਮਾਲੀ ਮਾਰਨ ਵਾਲੇ ਪੁਰਾਣੇ ਮਿੱਤਰ ਵਲੋਂ ਤੀਰ ਪਰਿਵਾਰ ਜ਼ਿੰਦਾਬਾਦ!

# ਅਮਰੀਕਾ ਵੱਸਦੇ ਇੱਕ ਵੀਰ ਦੀ ਹੱਡ-ਬੀਤੀ

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

**ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।**

ਦਸਵੀਂ ਵਿਚੋਂ ਫੇਲ੍ਹ ਕਾਹਦਾ ਹੋਇਆ...ਇੰਝ ਲੱਗੇ ਮੇਰਾ ਕੁਲ ਵਜੂਦ ਹੀ ਪੱਥਰ ਹੋ ਗਿਆ ਹੋਵੇ!

ਕੁਲ ਜਹਾਨ ਦੇ ਮਜ਼ਾਕ ਤਾਹਨੇ-ਮੇਹਣੇ ਠਿੱਠ ਟਿਚਕਰਾਂ...ਕੇਰਾਂ ਤਾਂ ਜੀ ਕੀਤਾ ਦੌੜ ਕੇ ਮਾਂ ਦੀ ਬੁੱਕਲ ਵਿਚ ਵੜ ਜਾਵਾਂ ਫੇਰ ਨਿਕਲਾਂ ਹੀ ਨਾ...ਓਹੀ ਮਾਂ ਜਿਹੜੀ ਮੇਰੀ ਖਾਤਿਰ ਸਾਰੇ ਜਹਾਨ ਦੀਆਂ ਸਨੋਤਾਂ ਅਤੇ ਉਲ੍ਹਾਮੇਂ ਸਹਿੰਦੀ...ਤਾਂ ਵੀ ਹਮੇਸ਼ਾਂ ਮੇਰਾ ਪੱਖ ਹੀ ਪੂਰਿਆ ਕਰਦੀ...ਅੰਮ੍ਰਿਤਧਾਰੀ ਹੋ ਕੇ ਵੀ ਮੇਰੀ ਖਾਤਿਰ ਕਿੰਨਾ ਝੂਠ ਬੋਲ ਜਾਂਦੀ!

ਜਦੋਂ ਵੀ ਟਾਈਮ ਮਿਲਦਾ...ਗੁਰਦੁਆਰਾ ਸ਼ਹੀਦਾਂ ਸਾਬ ਅੱਪੜ ਅਰਦਾਸ ਕਰਦੀ...ਹੇ ਬਾਬਾ ਦੀਪ ਸਿੰਘ ਜੀ ਮੇਰੇ ਪੁੱਤ ਦੀ ਰਾਖੀ ਕਰਨਾ...!


ਮੈਨੂੰ ਅਫਸੋਸ ਕੇ ਫੇਲ੍ਹ ਵਾਲੀ ਖਬਰ ਕਰਕੇ ਅੱਜ ਉਸਦਾ ਦਿਲ ਵੀ ਬੁਰੀ ਤਰ੍ਹਾਂ ਟੁੱਟ ਜਾਣਾ ਸੀ...ਸੋਚਾਂ ਦੀ ਘੁੰਮਣ-ਘੇਰੀ ਵਿਚ ਪਿਆ ਮੈਂ ਅੰਮ੍ਰਿਤਸਰ ਰੇਲਵੇ ਟੇਸ਼ਨ ਭੰਡਾਰੀ ਪੁਲ ਹੇਠ ਲੰਘਦੀ ਲਾਈਨ ਦੇ ਨਾਲ ਪਈ ਪੱਥਰ ਦੀ ਨਿੱਕੀ ਜਿਹੀ ਸਿਲ 'ਤੇ ਆਣ ਬੈਠਾ!

ਮੈਂ ਮਨ ਲਗਪਗ ਬਣਾ ਹੀ ਚੁਕਿਆ ਸਾਂ...ਸ਼ਾਮੀਂ ਪੰਜ ਵਜੇ ਵਾਲੀ ਸ਼ਤਾਬਦੀ...ਇੰਜਣ ਤੋਂ ਬਾਅਦ ਵਾਲਾ ਪਹਿਲਾ ਡੱਬਾ...ਬੱਸ ਟੀਕੇ ਜਿੰਨੀ ਪੀੜ ਹੀ ਤਾਂ ਹੋਣੀ...ਫੇਰ ਜ਼ਮਾਨੇ ਭਰ ਦੀਆਂ ਮੁਸ਼ਕਿਲਾਂ ਤੋਂ ਸਦਾ ਲਈ ਨਿਜਾਤ...ਸਭ ਕੁਝ ਦਾ ਸਦੀਵੀਂ ਖਾਤਮਾ!

ਐਨ ਪੰਜ ਵਜੇ ਇੰਜਣ ਦੀ ਸੀਟੀ ਵੱਜੀ ਅਤੇ ਗੱਡੀ ਪਲੇਟਫਾਰਮ ਤੋਂ ਚੱਲ ਪਈ...ਮੈਂ ਵੀ ਹੌਲੇ ਕਦਮੀਂ ਆਉਂਦੀ ਹੋਈ ਵੱਲ ਵਧਣਾ ਸ਼ੁਰੂ ਕਰ ਦਿੱਤਾ...ਤਜਰਬੇਕਾਰ ਡਰਾਈਵਰ...ਮੇਰੇ ਤੁਰਨ ਦੇ ਸਟਾਈਲ ਤੋਂ ਸ਼ਾਇਦ ਅਹਿਸਾਸ ਹੋ ਗਿਆ ਸੀ ਕਿ ਮਰਨ ਲਈ ਤੁਰਿਆ ਆਉਂਦਾ...ਲਗਾਤਾਰ ਕਿੰਨੀਆਂ ਸੀਟੀਆਂ ਮਾਰੀਆਂ...ਐਮਰਜੈਂਸੀ ਬ੍ਰੇਕ ਵੀ ਲਾਈ ਪਰ ਲੋਹੇ ਦਾ ਏਡਾ ਵੱਡਾ ਪਹਾੜ ਛੇਤੀ ਕੀਤਿਆਂ ਕਿਥੇ ਥੰਮ੍ਹਦਾ...!

ਕਾਲ ਸਿਰ 'ਤੇ ਸਵਾਰ...ਮੈਂ ਹੋਰ ਕਾਹਲੇ ਕਦਮੀਂ ਤੁਰਨਾ ਸ਼ੁਰੂ ਕਰ ਦਿੱਤਾ...ਬਸ ਸਕਿੰਟਾਂ ਦੀ ਹੀ ਖੇਡ ਬਾਕੀ ਰਹਿ ਗਈ ਹੋਣੀ ਕਿ ਅਚਾਨਕ ਪਿਛਲੇ ਪਾਸਿਓਂ ਇੱਕ ਭਾਰੀ ਭਰਕਮ ਹੱਥ ਨੇ ਮੈਨੂੰ ਮੋਢਿਆਂ ਤੋਂ ਫੜ ਵੱਡਾ ਹਲੂਣਾ ਦਿੱਤਾ...!

ਪਰਤ ਕੇ ਦੇਖਿਆ ਤਾਂ ਇੱਕ ਲੰਮੇ ਦਾਹੜੇ ਵਾਲੇ ਬਾਬਾ ਜੀ...ਭਰਵਾਂ ਜੁੱਸਾ...ਉੱਚਾ ਲੰਮਾ ਕਦ...ਗਾਤਰਾ ਪਾਈ ਨਿੰਮਾ ਨਿੰਮਾ ਹੱਸਦੇ ਹੋਏ ਆਖਣ ਲੱਗੇ...ਨਾ ਪੁੱਤ ਇੰਜ ਥੋੜਾ ਕਰੀਦਾ



ਹੁੰਦਾ...ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿਣਾ!

ਮੈਂ ਉਸ ਤਲਿਸਮੀ ਮੁਖੜੇ ਨੂੰ ਤੱਕਦਾ ਹੀ ਰਹਿ ਗਿਆ...ਮੰਤਰਮੁਗਧ...ਸਪੇਰੇ ਦੀ ਬੀਨ ਤੇ ਕੀਲਿਆ ਹੋਇਆ...ਇਹ ਵੀ ਪਤਾ ਨਾ ਲੱਗਾ ਕਦੋਂ ਆਈ ਤੇ ਕੋਲੋਂ ਦੀ ਲੰਘ ਕਦੋਂ ਅੱਖੋਂ ਓਹਲੇ ਹੋ ਗਈ...!

ਨਿਰਾ ਪੂਰਾ ਬਾਬਾ ਦੀਪ ਸਿੰਘ ਜੀ ਦਾ ਸਰੂਪ...ਗੱਲਾਂ ਕਰਦਿਆਂ ਮੈਨੂੰ ਕਲਾਵੇ ਵਿਚ ਲੈ ਲਾਈਨਾਂ ਪਾਰ ਕਰਵਾ ਹਾਲ ਗੇਟ ਵਾਲੇ ਪਾਸੇ ਨੂੰ ਹੋ ਤੁਰੇ...ਲੰਘਦੇ ਹੋਏ ਆਟੋ ਨੂੰ ਹੱਥ ਦਿੱਤਾ ਤੇ ਵਿਚ ਬਿਠਾਉਂਦੇ ਹੋਏ ਆਖਣ ਲੱਗੇ ਕਿ ਜਾ ਪਹਿਲੋਂ ਦਰਬਾਰ ਸਾਹਿਬ ਮੱਥਾ ਟੇਕ ਕੇ ਆ...ਓਥੇ ਬੈਠਾ ਤੇਰਾ ਕੋਈ ਆਪਣਾ ਤੈਨੂੰ ਬੇਸਬਰੀ ਨਾਲ ਉਡੀਕੀ ਜਾਂਦਾ ਏ!

ਬੀਬੇ ਬੱਚੇ ਵਾਂਙ ਆਟੋ ਅੰਦਰ ਬੈਠੇ ਹੋਏ ਨੂੰ ਸਮਝ ਹੀ ਨਾ ਲੱਗੀ ਕਿ ਬਾਬਾ ਜੀ ਹੈ ਕੌਣ ਸਨ...ਕਿਥੋਂ ਆਏ ਸਨ ਤੇ ਮੁੜ ਕਿੱਧਰ ਨੂੰ ਅਲੋਪ ਹੋ ਗਏ...!

ਦਰਬਾਰ ਸਾਹਿਬ ਅੱਪੜ ਮੈਂ ਕਿੰਨੀ ਦੇਰ ਪਰਿਕਰਮਾ ਅੰਦਰ ਏਧਰ-ਉਧਰ ਘੁੰਮਦਾ ਰਿਹਾ...ਅਖੀਰ ਭੁੱਖ ਸਤਾਉਣ ਲੱਗੀ...ਪ੍ਰਸ਼ਾਦਾ ਛਕਣ ਪੰਗਤ ਵਿਚ ਆਣ ਬੈਠਾ...ਅਚਾਨਕ ਕੀ ਵੇਖਿਆ ਸਾਹਮਣੇ ਮਾਂ ਬੈਠੀ ਹੋਈ ਏ...ਮੇਰੇ ਅੰਦਰ ਸਵੇਰ ਦੇ ਡੱਕੇ ਹੋਏ ਅਣਗਿਣਤ ਬੰਨ੍ਹ ਟੁੱਟ-ਭੱਜ ਗਏ...ਮੈਂ ਧੂਹ ਕੇ ਜਾ ਉਸਨੂੰ ਜੱਫੀ ਪਾਈ...ਕਿੰਨੀ ਦੇਰ ਦੋਵੇਂ ਇੱਕ ਦੂਜੇ ਦੇ ਗੱਲ ਲੱਗ ਉੱਚੀ-ਉੱਚੀ ਰੋਂਦੇ ਰਹੇ...ਆਸੇ ਪਾਸੇ ਬੈਠੀ ਸੰਗਤ ਦੀਆਂ ਨਜ਼ਰਾਂ ਤੋਂ ਬੇਖਬਰ!

ਚੰਗੀ ਤਰ੍ਹਾਂ ਗੁਬਾਰ ਕੱਢ ਫੇਰ ਇਕੱਠਿਆਂ ਬੈਠ ਲੰਗਰ ਛਕਿਆ...ਇੰਜ ਲੱਗੇ ਸਦੀਆਂ ਤੋਂ ਚੁੰਬੜੀ ਹੋਈ ਇੱਕ ਨਾ ਮਿਟਣ ਵਾਲੀ ਭੁੱਖ ਦਾ ਸਦੀਵੀਂ ਅੰਤ ਹੋ ਗਿਆ ਹੋਵੇ!

ਉਸ ਦਿਨ ਮਗਰੋਂ ਫੇਰ ਮੈਂ ਕਦੀ ਵੀ ਢਹਿੰਦੀ ਕਲਾ ਵੱਲ ਨਹੀਂ ਗਿਆ...ਜਮਾਤਾਂ ਪਾਸ ਕਰਦਾ ਹੋਇਆ ਇੱਕ ਦਿਨ ਅਮਰੀਕਾ ਦੀ ਧਰਤੀ 'ਤੇ ਆਣ ਉੱਤਰਿਆ...ਮਾਂ ਦੀਆਂ ਅਰਦਾਸਾਂ ਅਰਜੋਈਆਂ ਵੀ ਬਾ-ਦਸਤੂਰ ਜਾਰੀ ਰਹੀਆਂ...!

ਅੱਜ ਪੂਰੇ ਵੀਹ ਸਾਲ ਹੋਣ ਨੂੰ ਹਨ...ਜਦੋਂ ਵੀ ਦਿੱਲੀ ਜਹਾਜ਼ੋਂ ਉੱਤਰਦਾ ਹਾਂ ਤਾਂ ਹਮੇਸ਼ਾਂ ਰੇਲ ਗੱਡੀ ਹੀ ਫੜਦਾ ਹਾਂ ਤਾਂ ਕਿ ਅੰਮ੍ਰਿਤਸਰ ਭੰਡਾਰੀ ਪੁਲ ਹੇਠ ਪਈ ਓਸੇ ਪੱਥਰ ਦੀ ਸਿਲ ਨੂੰ ਬਾਕੀ ਪਰਿਵਾਰ ਨੂੰ ਵੀ ਵਿਖਾ ਸਕਾਂ ਅਤੇ ਨਿਆਣਿਆਂ ਨੂੰ ਦੱਸ ਸਕਾਂ ਕਿ ਬੱਚਿਓ ਇਹ ਹੈ ਉਹ ਥਾਂ ਜਿਥੇ ਕਿਸੇ ਵੇਲੇ ਤੁਹਾਡੇ ਬਾਪ ਦਾ ਦੂਜਾ ਜਨਮ ਹੋਇਆ ਸੀ!

ਫੇਰ ਗੁਰੂ ਰਾਮਦਾਸ ਦੀ ਵਰਸੋਈ ਨਗਰੀ ਵਿਚ ਵਿਚਰਦਾ ਹੋਇਆ ਲੰਮੇ ਦਾਹੜੇ ਵਾਲਾ ਹਰ ਵਜੂਦ ਮੈਨੂੰ ਕਿਸੇ ਵੇਲੇ ਮੇਰੇ ਮੋਢਿਆਂ 'ਤੇ ਹੱਥ ਰੱਖਣ ਵਾਲੇ ਉਹ ਬਾਬਾ ਜੀ ਹੀ ਲੱਗਦੇ...!

ਦਰਬਾਰ ਸਾਹਿਬ ਲੰਗਰ-ਪਾਣੀ ਛਕਣ ਉਪਰੰਤ ਗੁਰਦੁਆਰਾ ਸ਼ਹੀਦਾਂ ਦੇ ਲਾਗੇ ਬਣੇ ਸ਼ਮਸ਼ਾਨਘਾਟ ਤੇ ਉਸ ਬੜ੍ਹੇ ਲਾਗੇ ਦੋ ਘੜੀਆਂ ਬੈਠਣ ਵੀ ਜ਼ਰੂਰ ਜਾਂਦਾ ਹਾਂ ਜਿਥੇ ਸਾਰੀ ਉਮਰ ਮੇਰਾ ਪੱਖ ਪੂਰਨ ਵਾਲੀ ਦਾ ਅੰਤਮ ਸੰਸਕਾਰ ਹੋਇਆ ਸੀ!

ਸ਼ਰਧਾ ਆਸਥਾ ਅਤੇ ਇਤਿਹਾਸਕ ਬਿਰਤਾਂਤਾਂ ਨੂੰ ਸਾਇੰਸ, ਤਰਕਾਂ ਅਤੇ ਦਲੀਲਾਂ ਦੀ ਕਸਵੱਟੀ 'ਤੇ ਤੋਲਣ ਵਾਲੇ ਅਕਸਰ ਹੀ ਆਖ ਦਿੰਦੇ ਕਿ ਗੁਰੂ ਦੀ ਨਗਰੀ ਵਿਚ ਕੋਈ ਕਰਾਮਾਤ ਨਹੀਂ ਹੁੰਦੀ...ਪਰ ਮੈਥੋਂ ਪੁੱਛੋ...ਜ਼ਰੂਰ ਹੁੰਦੀ ਹੈ...ਹਰ ਰੋਜ਼...ਹਰ ਘੜੀ...ਕਿਸੇ ਨਾ ਕਿਸੇ ਰੂਪ ਵਿਚ...ਇਸਦਾ ਜਿਉਂਦਾ ਜਾਗਦਾ ਸਬੂਤ ਮੈਂ ਖੁਦ ਆਪ ਹਾਂ...ਜੇ ਨਾ ਹੁੰਦੀ ਹੋਵੇ ਤਾਂ ਫੇਰ ਅੰਮ੍ਰਿਤਸਰ ਦੀ ਜੂਹ ਅੰਦਰ ਵੜਦਿਆਂ ਹੀ ਮੇਰੇ ਆਪ-ਮੁਹਾਰੇ ਹੀ ਲੂ-ਕੰਡੇ ਕਿਓਂ ਖੜ੍ਹੇ ਹੋ ਜਾਂਦੇ!


ਪੰਜਾਬੀ ਕਲਚਰਲ ਸੁਸਾਇਟੀ ਆਫ ਮਿਸ਼ੀਗਨ
19 ਵਾਂ ਸਲਾਨਾ 'ਪੰਜਾਬੀ ਮੇਲਾ'
25 ਅਪ੍ਰੈਲ, 2026 (ਸ਼ਨੀਵਾਰ)
ਤੁਹਾਨੂੰ ਸਭ ਨੂੰ ਪਰਿਵਾਰਾਂ ਸਮੇਤ ਆਉਣ ਦਾ ਸੱਦਾ
WINGS EVENT CENTER
3600 VANRICK DRIVE, KALAMAZOO,MI 49001
TIMING: 04:00PM TO MIDNIGHT
Free Entry
ਗਾਇਕੀ ਦਾ ਖੁੱਲ੍ਹਾ ਅਖਾੜਾ • ਗਿੱਧਾ–ਭੰਗੜਾ • ਡਾਂਸ
ਗੀਤ–ਸੰਗੀਤ • ਸਕਿੱਟ • ਬੋਲੀਆਂ ਅਤੇ ਓਪਨ ਡੀ.ਜੇ
Free Food
ਗਾਇਕ ਹਰਭਜਨ ਮਾਨ ਗੀਤ–ਸੰਗੀਤ ਰਾਹੀਂ ਸਰੋਤਿਆਂ ਦਾ ਮਨੋਰੰਜਨ ਕਰਨਗੇ ।
PCS OF MICHIGAN EXECUTIVE COMMITTEE
Amarjit Singh Lansing (Chairman)
Satpal Singh Ghotra (Vice Chairman)
Sukhwinder Singh Narwal (President)
Paramjit Singh Saginaw (Vice President)
Ajay Grover (Secretary)
Bobby Cheema (Media Advisor)
Rubal Sohi (Media Advisor)
Raj Bains (Media Advisor)
Mukhtar S Khehra (Treasurer)
Tarsem Singh (Treasurer)
ਰਾਜਬੀਰ ਬੋਪਾਰਾਏ
ਕੁਲਦੀਪ ਸਿੰਘ ਗਿੱਲ
ਬਲਦੇਵ ਸਿੰਘ
ਹਰਦੇਵ ਸਰਾਓ
ਭਗਵੰਤ ਸਿੰਘ ਸੰਧੂ
ਲਾਲੀ ਮਾਂਗਟ
ਭਾਗ ਸਿੰਘ ਸਿੱਧੂ
ਚਰਨਜੀਤ ਸੈਖੋ
ਜਸਪਾਲ ਸਿੰਘ ਗਿੱਲ
ਕੁਲਵੰਤ ਸਿੰਘ ਮਾਂਗਟ
ਰਾਜ ਸਿੰਘ ਬੇਗੋਵਾਲ
ਗੁਰਮੀਤ ਗੋਗੀ
ਕਰਨੈਲ ਸਿੰਘ ਜੱਬੋ
ਜਸਵਿੰਦਰ ਸਿੰਘ
ਬਲਜੀਤ ਸਿੰਘ ਖਾਸਰੀਆ
ਜੱਸੀ ਧਾਮੀ
ਬਿੱਲੂ ਜੱਸੜ
ਸਵਾਤੀ ਰਾਠੌਰ
HARJAS
Harjas TV
PALACE OF INDIA
Best Choice Wholesaler Grand Rapid Michigan 5701 Division Ave. Wyoming MI 49548
You are invited with your family to witness and enjoy this colorful event.
Snacks and dinner will be provided.
Donors / Sponsors will be honored.
Radio Chann Pardesi
Hindi • Punjabi

ੴ ਸਤਿਗੁਰ ਪ੍ਰਸਾਦਿ॥

ਚਿੜੀਓਂ ਸੇ ਮੈਂ ਬਾਜ਼ ਤੁੜਾਊਂ।
ਸਵਾ ਲਾਖ ਸੇ ਏਕ ਲੜਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।



# ਸਮੂਹ ਪੰਜਾਬੀ ਭਾਈਚਾਰੇ ਨੂੰ ਧਾਲੀਵਾਲ ਪਰਿਵਾਰ ਵਲੋਂ ਗੁਰੂ ਰੂਪ ਖਾਲਸਾ ਜੀ ਦੇ ਸਾਜਨਾ ਦਿਹਾੜੇ ਵਿਸਾਖੀ ਦੀ

# ਕੋਟਨਿ-ਕੋਟਿ ਵਧਾਈ

*ਭਗਤੀ ਤੇ ਸ਼ਕਤੀ ਦਾ, ਉਸ ਬੂਟਾ ਲਾਇਆ ਏ। ਇਹਨੂੰ ਹਰਿਆ ਰੱਖਣ ਲਈ, ਸਰਬੰਸ ਲੁਟਾਇਆ ਏ।*
*ਪਤਝੜ ਗ਼ੁਲਾਮੀ ਦੀ, ਨਾ ਆਏ ਬਹਾਰਾਂ 'ਤੇ, ਉਸ ਪੰਥ ਸਜਾਇਆ ਏ, ਤੇਗਾਂ ਦੀਆਂ ਧਾਰਾਂ 'ਤੇ।*



ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਨੂੰ ਵੱਖਰੀ ਪਛਾਣ ਬਖਸ਼ੀ। ਇਹ ਵੱਖ ਪਛਾਣ ਸਵਰੂਪ ਦੇ ਨਾਲ ਹੀ ਸੋਚ, ਜੀਵਨ-ਜਾਚ ਤੇ ਧਾਰਮਿਕ, ਸਮਾਜਿਕ ਆਚਾਰ-ਵਿਵਹਾਰ ਦੀ ਵੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਨੂੰ ਆਪਣੇ ਜਿਹਾ ਹੀ ਬਣਾਇਆ। ਗੁਰੂ ਰਾਮਦਾਸ ਜੀ ਦੇ ਵਚਨ ਨੂੰ ਹਕੀਕਤ ਰੂਪ ਦਿੰਦਿਆਂ ਦਸਮ ਪਿਤਾ ਆਪ ਖਾਲਸਾ ਵਿਚ ਵਰਤੇ, ਆਪਣੇ ਸਾਰੇ ਗੁਣ ਖਾਲਸਾ ਵਿਚ ਬੀਜੇ। ਖਾਲਸਾ ਨੂੰ ਆਪਣੇ ਜਿਹਾ ਹੀ ਧੀਰ-ਗੰਭੀਰ, ਧਰਮ ਲਈ ਸੰਕਲਪਬੱਧ, ਰਹਿਤਵੰਤ ਬਣਾਇਆ ਜਿਸ ਦਾ ਕਾਰਜ ਗੁਰੂ ਸਾਹਿਬ ਨੇ ਨੌਂ ਸਾਲ ਦੀ ਆਯੂ ਵਿਚ ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਆਰੰਭ ਕਰ ਦਿੱਤਾ ਸੀ। ਖਾਲਸਾ ਧਾਰਮਿਕ, ਅਧਿਆਤਮਕ ਗਿਆਨ ਵਿਚ ਪ੍ਰਵੀਨ, ਅਸਤਰ-ਸ਼ਸਤਰ ਵਿਦਿਆ ਵਿਚ ਮਾਹਿਰ, ਸਮਾਜਿਕ, ਆਰਥਕ ਜ਼ਿੰਮੇਵਾਰੀ ਪ੍ਰਤੀ ਸੁਚੇਤ ਪਰਮਾਤਮਾ ਭਗਤੀ ਵਿਚ ਰਮਿਆ ਹੋਇਆ ਅਜਿਹਾ ਮਨੁੱਖੀ ਕਿਰਦਾਰ ਸੀ, ਜਿਸ ਦੀ ਰਾਹ ਵਿਚ ਕਿਸੇ ਵੀ ਵਿਘਨ ਦਾ ਟਿਕ ਸਕਣਾ ਅਸੰਭਵ ਸੀ, 'ਨਿਸਚੈ ਕਰ ਅਪਨੀ ਜੀਤ ਕਰੋਂ'। ਖਾਲਸਾ ਸਿਫ਼ਤੀਆਂ ਦਾ ਮਨੁੱਖੀ ਸਮਾਜ ਹੈ। ਉਹ ਸਿਫ਼ਤੀਆਂ ਜਿਨ੍ਹਾਂ ਦੀ ਬਖਸ਼ਿਸ਼ ਪਰਮਾਤਮਾ ਆਪਣੇ ਗੁਣਾਂ ਦੇ ਸਾਗਰ ਤੋਂ ਕਰਦਾ ਹੈ। ਸਿਫ਼ਤੀਆਂ ਕਾਇਮ ਹਨ ਤਾਂ ਹੀ ਖਾਲਸਾਈ ਹੈ। ਖਾਲਸਾਈ ਚੇਤਨਾ ਉਨ੍ਹਾਂ ਗੁਣਾਂ, ਸਿਫਤਾਂ ਦੀ ਠੀਕ ਉਸ ਤਰ੍ਹਾਂ ਦੀ ਪਹਿਰੇਦਾਰੀ ਹੈ ਜੋ ਪਰਮਾਤਮਾ ਨੂੰ ਭਾਉਂਦੀ ਹੈ। ਖਾਲਸਾ ਜਗਤ ਅੰਦਰ ਪਰਮਾਤਮਾ ਦੇ ਗੁਣਾਂ ਦੀ ਪਹਿਰੇਦਾਰੀ ਪਰਮਾਤਮਾ ਦਾ ਖਾਸ ਦੂਤ ਬਣ ਕੇ ਕਰਦਾ ਹੈ।

**ਵਲੋਂ: ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ**